## ਕਥਾ ਹਰਪਾਲ ਸਿੰਘ

(**ਕਰਮਜੀਤ ਕੁੱਸਾ** ਦੇ ਨਾਵਲ *ਜ਼ਖ਼ਮੀ ਦਰਿਆ* 'ਤੇ ਆਧਾਰਿਤ)

(ਨਾਟਕ ਸ਼ੁਰੂ ਹੋਣ 'ਤੇ ਪਿੱਠ ਭੂਮੀ 'ਤੇ ਸਿਪਾਹੀਆਂ ਦੇ ਬੂਟਾਂ ਦੀ ਦੱਗੜ-ਦੱਗੜ ਦੀ ਅਵਾਜ਼ ਹੈ। ਫੇਰ ਇਕ ਅਵਾਜ਼ ਹੈ। ਘਰ ਨੂੰ ਸਾਰੇ ਪਾਸਿਓਂ ਤੋਂ ਘੇਰ ਲਵੋ, ਕੋਈ ਨੱਸੇ ਨਾ। ਹਰਪਾਲ...23, 24 ਸਾਲ ਦਾ ਨੌਜਵਾਨ ਮੰਚ 'ਤੇ ਆਉਂਦਾ ਹੈ)

ਹਰਪਾਲ : ਮੈਂ ਹਰਪਾਲ ਸਿੰਘ ਹਾਂ, ਇਸ ਪਿੰਡ ਦਾ ਇਕ ਨੌਜਵਾਨ, ਹੁਣੇ-ਹੁਣੇ ਮੇਰੇ ਘਰ ਚੌਕੀਦਾਰ ਸੁਨੇਹਾ ਦੇ ਗਿਆ ਕਿ ਥਾਣੇ ਵਾਲੇ ਮੈਨੂੰ ਲੱਭ ਰਹੇ ਨੇ। ਹਾਂ ਪੁਲਿਸ ਨੇ ਸਾਰੇ ਪਾਸੇ ਘੇਰਾ ਪਾ ਲਿਆ ਹੈ। ਪਰ ਮੈਂ ਨੱਸਾਂਗਾ ਨਹੀਂ, ਕਿਉਂਕਿ ਨੱਸਿਆ ਤਾਂ ਉਨ੍ਹਾਂ ਨੇ ਗੋਲੀ ਮਾਰ ਦੇਣੀ ਏ। ਉਹ ਮੈਨੂੰ ਜੇਲ੍ਹ ਵਿਚ ਡੱਕ ਦੇਣਗੇ। ਹੋਰ ਵੀ ਦਸ ਪੰਦਰਾਂ ਹਜ਼ਾਰ ਉਨ੍ਹਾਂ ਨੇ ਡੱਕੇ ਹੋਏ ਨੇ। ਉਹ ਮੈਨੂੰ ਕਿਉਂ ਫੜਨ ਆਏ ਨੇ? ਉਨ੍ਹਾਂ ਦਾ ਖਿਆਲ ਏ ਕਿ ਮੈਂ ਆਪਣੇ ਬਚਪਨ ਦੇ ਦੋਸਤ ਭਾਈ ਸੀਤਾ ਸਿੰਘ ਦੇ ਸ਼ਹੀਦੀ ਸਮਾਗਮ ਵਿਚ ਸ਼ਾਮਲ ਹੋਇਆ ਸਾਂ ਤੇ ਉਹਦੇ ਲਈ ਸ਼ਰਧਾਂਜਲੀ ਵਜੋਂ ਕੁਝ ਸ਼ਬਦ ਵੀ ਬੋਲੇ ਸਨ, ਇਸ ਲਈ ਮੈਂ ਵੀ ਬਾਬਿਆਂ ਦੀ ਫ਼ੌਜ ਦਾ ਹੀ ਮੈਂਬਰ ਹਾਂ। ਮੁਖਬਰ ਦੀ ਇਹੀ ਖ਼ਬਰ ਏ। ਹਰ ਥਾਣੇ ਨੇ ਆਪਣਾ ਕੋਟਾ ਪੂਰਾ ਕਰਨਾ ਏ। ਮੈਂ ਜਾਣਦਾ ਹਾਂ ਕਿ ਜੇਲ੍ਹ ਵਿਚ ਮੇਰੇ ਕੋਲੋਂ ਕੋਈ ਕੰਮ ਨਹੀਂ ਹੋਏਗਾ। ਕੰਮ ਮੇਰੇ ਕੋਲ ਬਾਹਰ ਵੀ ਨਹੀਂ। ਸਮਾਂ ਹਵਾ ਵਿਚ ਲਟਕਿਆ ਹੋਇਆ ਏ। ਸਾਰੇ ਵਰਤਾਰੇ, ਸਾਰੇ ਭਾਈਚਾਰੇ ਵਿਚ ਇਕ ਸੰਕਟ ਹੈ। ਇਹ ਸੰਕਟ ਸੰਤਾਪ ਬਣ ਕੇ ਸਾਡੇ ਸਿਰਾਂ 'ਤੇ ਸਵਾਰ ਏ। ਇਹਦੀ ਸਮਝ ਮੇਰੇ ਖਿਆਲ ਵਿਚ ਕਿਸੇ ਨੂੰ ਨਹੀਂ, ਮੈਨੂੰ ਵੀ ਨਹੀਂ, ਜਿਹੜੇ ਸਰਕਾਰ ਚਲਾ ਰਹੇ ਨੇ ਉਨ੍ਹਾਂ ਨੂੰ ਵੀ ਨਹੀਂ। ਜਿਹੜੇ ਸਰਕਾਰ ਦੇ ਵਿਰੁੱਧ ਸੰਘਰਸ਼ ਚਲਾ ਰਹੇ ਨੇ, ਉਹ ਵੀ ਯਕੀਨ ਨਾਲ ਕੁਝ ਨਹੀਂ ਕਹਿ ਸਕਦੇ। ਸ਼ਾਇਦ ਤੁਸੀਂ ਕੁਝ ਕਹਿ ਸਕੋ, ਇਸ ਲਈ ਤੁਹਾਨੂੰ ਆਪਣੀ ਕਹਾਣੀ ਸੁਣਾਵਾਂਗਾ। ਇਹ ਕਰਮਜੀਤ ਸਿੰਘ ਕੁੱਸਾ ਨੇ ਆਪਣੇ ਨਾਵਲ ਜ਼ਖ਼ਮੀਂ ਦਰਿਆ ਵਿਚ ਕਲਮਬੰਦ ਕੀਤੀ ਹੈ।

ਨਾਵਲ ਦਾ ਨਾਂ ਹੀ ਬਹੁਤ ਕੁਝ ਦੱਸਦਾ ਹੈ। ਲੇਖਕ ਨੇ ਤਾਂ ਆਪਣੇ ਨਜ਼ਰੀਏ ਅਨੁਸਾਰ ਜ਼ਿੰਦਗੀ ਦੇ ਯਥਾਰਥਾਂ ਨੂੰ ਪਾਠਕਾਂ ਅੱਗੇ ਪੇਸ਼

ਕਰਨਾ ਹੁੰਦਾ ਹੈ। ਇਹ ਪਾਠਕਾਂ ਦਾ ਫਰਜ਼ ਹੈ ਉਹ ਆਪਣੀ ਰਾਏ ਬਣਾਉਣ ਤੇ ਜ਼ਿੰਦਗੀ ਦੇ ਵਰਤਾਰੇ ਵਿਚ ਦਖ਼ਲ ਅੰਦਾਜ਼ੀ ਕਰਨ। ਮੈਂ ਕਹਾਣੀ ਉਸ ਵੇਲੇ ਤੋਂ ਸ਼ੁਰੂ ਕਰਦਾ ਹਾਂ ਜਦੋਂ ਮੇਰਾ ਬੀ.ਏ., ਬੀ.ਐੱਡ. ਦਾ ਨਤੀਜਾ ਨਿਕਲਿਆ। ਬਾਪੂ ਖੁਸ਼ ਸੀ, ਉਹਨੇ ਸ਼ਾਮ ਨੂੰ ਬੋਤਲ ਖੋਲ੍ਹ ਲਈ। ਬੋਤਲ ਤਾਂ ਉਹ ਹਰ ਸ਼ਾਮ ਖੋਲ੍ਹਦਾ ਸੀ ਪਰ ਅੱਜ ਤਾਂ ਉਹਦੇ ਕੋਲ ਬਹਾਨਾ ਸੀ। ਉਹਦਾ ਪੁੱਤ ਬੀ.ਏ. ਬੀ.ਐੱਡ ਹੋ ਗਿਆ ਸੀ।

*(ਬਾਪੂ ਬੋਤਲ ਚੁੱਕੀ ਮੰਚ 'ਤੇ ਆਉਂਦਾ ਹੈ)*

ਬਾਪੂ : ਲੈ ਹੁਣ ਸਾਰੇ ਧੋਣੇ ਧੁਪ ਜਾਣਗੇ। ਹੁਣ ਮੈਂ ਗੁਰਬਖਸ਼ ਸਿੰਘ ਸਾਬਕਾ ਥਾਣੇਦਾਰ ਪਿੰਡ ਵਿਚ ਸਿਰ ਉੱਚਾ ਕਰਕੇ ਰਹਿ ਸਕਾਂਗਾ।

ਮਾਂ : ਕੀ ਕਹਿ ਸਕੋਗੇ ? ਮੈਂ ਵੀ ਤਾਂ ਸੁਣਾਂ ?

ਬਾਪੂ : ਕਿ ਕੀ ਹੋਇਆ ਜੇ ਉਹ ਹੁਣ ਥਾਣੇਦਾਰ ਨਹੀਂ ਪਰ ਉਸਦਾ ਇਕ ਬੇਟਾ ਸਃ ਹਰਪਾਲ ਸਿੰਘ ਉਰਫ਼ ਪਾਲੀ ਡੱਬਲ ਗ੍ਰੈਜੂਏਟ ਮਤਲਬ ਬੀ.ਏ. ਬੀ.ਐੱਡ ਹੈ।

ਮਾਂ : ਪਰ ਉਹ ਇਹ ਵੀ ਕਹਿਣਗੇ ਕਿ ਉਸਦੇ ਭਾਈਆਂ ਨੇ ਜਦੋਂ ਪਿੰਡ ਵਿਚ ਕੋਠੀਆਂ ਪਾ ਲਈਆਂ ਤਾਂ ਥਾਣੇਦਾਰ ਦਾ ਢਾਰਾ ਕੱਚਾ ਹੀ ਰਿਹਾ।

ਬਾਪੂ : ਸੁੱਟ ਘੱਟਾ, ਤੂੰ ਪਾਲ ਸਿੰਘ ਦੀ ਮਾਂ ਜਦੋਂ ਵੀ ਗੱਲ ਕਰਦੀ ਐ ਮੇਰੇ ਭਾਈਆਂ ਦੀ ਕਰਦੀ ਐਂ। ਉਹ ਤੇਰੇ ਸ਼ਰੀਕ ਐ ਇਸ ਲਈ ?

ਮਾਂ : ਆਹੋ ਸ਼ਰੀਕ ਨੇ ਜਿਹੜੇ ਸਾਨੂੰ ਲੁੱਟ ਕੇ ਖਾ ਗਏ।

ਬਾਪੂ : ਕੀ ਲੁੱਟ ਕੇ ਖਾ ਗਏ ? ਉਨ੍ਹਾਂ ਦਾ ਆਪਣਾ ਕੰਮ, ਸਾਡਾ ਆਪਣਾ ਕੰਮ। ਵੱਖ ਹੋਣ ਵਿਚ ਤੂੰ ਹੀ ਕਾਹਲੀ ਸੀ। ਉਸ ਵੇਲੇ ਤੂੰ ਥਾਣੇਦਾਰਨੀ ਸੀ ਤੇ ਉਹ ਕੁਝ ਵੀ ਨਹੀਂ ਸਨ ਪਰ ਉਨ੍ਹਾਂ ਦੀ ਕਿਸਮਤ ਦਾ ਸਿਤਾਰਾ ਚੜ੍ਹ ਗਿਆ, ਉਹ ਚੜ੍ਹ ਗਏ, ਤੇਰਾ ਸਿਤਾਰਾ ਡਿੱਗ ਗਿਆ ਤੂੰ ਥਾਣੇਦਾਰਨੀ ਨਹੀਂ ਰਹੀ, ਤੂੰ ਡਿੱਗ ਗਈ।

ਮਾਂ : ਮੈਂ ਤੇ ਡਿੱਗ ਹੀ ਜਾਣਾ ਸੀ, ਜਦੋਂ ਤੂੰ ਹਰ ਸ਼ਾਮ ਬੋਤਲ ਲੈ ਕੇ ਬਹਿ ਜਾਂਦਾ ਏ।

ਬਾਪੂ : ਸੁੱਟ ਘੱਟਾ, ਆਪਣੇ ਪੈਸਿਆਂ ਦੀ ਪੀਂਦਾ ਹਾਂ, ਤੇਰੇ ਪਿਓ ਦੀ ਨਹੀਂ ਪੀਂਦਾ, ਜਦੋਂ ਥੋੜਾ ਜਿਹਾ ਇਨਜੁਆਏ ਕਰਨ ਲੱਗੋ ਤੂੰ ਟਿੰਡ ਮੇਂ ਕਾਨਾ ਘੁਮਾ ਦੇਤੀ ਹੈ, ਅਖੇ ਮੈਂ ਤੇਰਾ ਕੁਝ ਨਹੀਂ ਬਣਾਇਆ, ਮੈਂ ਤੇਰਾ ਠੇਕਾ ਲਿਆ ਹੋਇਆ ?... ਬਸ ਪੜ੍ਹਣ ਲੱਗ ਜਾਏਗੀ ਮੁਹਾਰਨੀ... ਤੂੰ ਵੀ ਬੋਲਣ ਨੂੰ ਮਰਦੀ ਐ, ਤੇਰੇ ਮਾਪਿਆਂ ਕਦੇ ਤੇਰੀ

ਬਾਤ ਪੁੱਛੀ ਐ ? ਆਨਾ ਦਿੱਤਾ ਐ, ਉਨ੍ਹਾਂ ਕਦੇ ਤੈਨੂੰ ? ਮੈਂ ਹੀ ਤੈਨੂੰ ਰੱਖੀ ਬੈਠਾ ਆਂ, ਹੋਰ ਹੁੰਦਾ ਜੁੱਤੀਆਂ ਮਾਰ ਕੇ ਦਬੱਕ ਦੇਂਦਾ।

ਮਾਂ : ਹਾਂ ਹੁਣ ਕੋਠੇ ਚੜ੍ਹ ਕੇ ਨੱਚ, ਸਾਰੇ ਪਿੰਡ ਨੂੰ ਸੁਣਾ ਕਿ ਮੇਰੀ ਤੀਵੀ ਮਾੜੀ ਐ, ਵੈਲਣ ਐ, ਬੰਦੇ ਰੱਖਦੀ ਐ। ਵਿਹਲਾ ਬੰਦਾ ਘਤਿੱਤਾਂ ਨਾ ਸੋਚੇਗਾ ਤੇ ਹੋਰ ਕੀ ਕਰੇਗਾ ?

ਬਾਪੂ : ਲੈ ਮੂਰਖ ਤੀਵੀ ਗਲ ਕਿਧਰੇ ਦੀ ਕਿਧਰੇ ਲੈ ਗਈ ਹੈ।

ਮਾਂ : ਲੈ ਨਾ ਜਾਵਾਂ ਕਦੀ ਜ਼ਿੰਮੇਵਾਰੀ ਵਾਲੀ ਗੱਲ ਵੀ ਕੀਤੀ ਏ ਤੂੰ, ਬਸ ਪੀਤੀ, ਸੁਆਹ ਕੁੱਟ ਨੇ, ਮੈਨੂੰ ਗਾਲ੍ਹਾਂ ਕੱਢ ਲਈਆਂ, ਕਦੀ ਖਿਆਲ ਨਹੀਂ ਕਰਨਾ ਕਿ ਕਬੀਲਦਾਰੀ ਵਿਚ ਤੇ ਪਈ ਏ।

ਬਾਪੂ : ਕਬੀਲਦਾਰੀ ਭੱਜੀ ਨਹੀਂ ਜਾਤੀ, ਬਕਵਾਸ ਕਰਤੀ ਹੈ। ਹੋਰ ਬੋਲੀ ਤਾਂ ਮੇਰੇ ਕੋਲੋਂ ਬੁਰਾ ਨਹੀਂ ਹੋਏਗਾ।

ਮਾਂ : ਕੀ ਕਰ ਲਏਂਗਾ ? ਹੁਣ ਮੈਂ ਸਾਰੀ ਉਮਰ ਤੇਰੇ ਤੋਂ ਕੁੱਟ ਨਹੀਂ ਖਾਈ ਜਾਣੀ। ਪੁੱਤਰ ਹੋਗੇ ਗੱਭਰੂ ਮੇਰੇ।

ਬਾਪੂ : ਸਿਰਫ਼ ਗੱਭਰੂ ਨਹੀਂ ਹੋਏ, ਕੁਝ ਬਣ ਵੀ ਗਏ ਨੇ, ਇਕ ਬੀ.ਏ. ਬੀ.ਐੱਡ ਮਾਸਟਰ ਲੱਗੇਗਾ। ਦੋ ਹਜ਼ਾਰ ਤਨਖਾਹ ਪਾਏਗਾ। ਇਕ ਡੱਬਈ ਗਿਆ ਹੈ, ਨੋਟੋਂ ਕੇ ਦੱਥੇ ਕਮਾਤਾ ਹੈ।

ਮਾਂ : ਆਹੋ ਕਮਾਂਦਾ ਏ, ਵਹੁਈ ਪੇਕੇ... ... ਤਾਂ ਜੋ, ਉਹਦੇ ਬੰਦੇ ਦੀ ਕਮਾਈ ਮਾਪਿਆਂ ਨੂੰ ਜਾਏ ਸਹੁਰਿਆਂ ਨੂੰ ਜਾਏ।

ਬਾਪੂ : ਚਲੋ ਜ਼ਮੀਨਾਂ ਵਾਲਾ ਹੋ ਗਿਆ, ਪੁੱਤ ਤੇ ਆਪਣਾ ਹੀ ਹੈ। ਸੁੱਖੀ ਦੇ ਵਿਆਹ ਵੇਲੇ ਬਹੁਤ ਕੁਝ ਦੇਵੇਗਾ, ਤੂੰ ਦੇਖ ਲਈਂ।

ਮਾਂ : ਦੇਖ ਲਵਾਂਗੀ।

ਬਾਪੂ : ਤੀਜਾ ਡਰੈਵਰ ਲੱਗ ਗਿਆ, ਉਹ ਵੀ ਕਮਾਏਗਾ। ਚੌਥਾ ਵੀ ਕਮਾਤਾ ਹੈ ਪਰ ਸਾਲਾ ਨਿਕੰਮਾ ਹੈ, ਨਸ਼ੇ ਬਹੁਤ ਕਰਤਾ ਹੈ।

ਮਾਂ : ਬਾਪ ਕੋਲੋਂ ਹੀ ਉਹਨੇ ਸਿੱਖੇ ਨੇ, ਬਾਪ ਜੇ ਹਰ ਸ਼ਾਮ ਬੋਤਲ ਲੈ ਕੇ ਬੈਠ ਜਾਏ ਪੁੱਤ ਨੇ ਤਾਂ ਆਪੇ ਨਸ਼ਈ ਹੋਣਾ ਸੀ।

ਬਾਪੂ : ਮੈਂ ਉਹਨੂੰ ਕਿਹਾ ਸੀ ਬਈ ਫੀਮ ਲੈਣੀ ਸ਼ੁਰੂ ਕਰ ਦੇ।

ਮਾਂ : ਜਦੋਂ ਬਾਪ ਨੇ ਸ਼ਰਾਬੀ ਹੋਣਾ ਹੋਇਆ ਤਾਂ ਪੁੱਤ ਨੇ ਆਪੇ ਫੀਮਚੀ ਹੋਣਾ ਹੋਇਆ।

ਬਾਪੂ : ਸੁੱਟ ਘੱਟਾ... ਹਰ ਬਾਤ ਮੇਂ ਮੇਰਾ ਨੁਕਸ ਕੱਢ ਦੇਤੀ ਹੈ (ਉੱਠਦਾ ਹੈ)

ਮਾਂ : ਹੁਣ ਕਿਥੇ ਵੱਗ ਚਲਿਆ ਏਂ ?

ਬਾਪੂ : (ਜਾਂਦਾ ਹੋਇਆ) ਪਹਿਲੇ ਸਰਪੰਚ ਦੇ ਘਰ ਜਾਊਂਗਾ, ਹਮੇਸ਼ਾਂ

ਕਹਿੰਦਾ ਐ ਕਿ ਪੁਲਸੀਆ ਐਵੇਂ ਆਕੜਦਾ ਏ। ਹੁਣ ਜਾਵਾਂਗਾ, ਕਹਾਂਗਾ ਐਵੇਂ ਨਹੀਂ ਆਕੜਤਾ, ਏਕ ਡਬਲ ਗ੍ਰੈਜੂਏਟ ਕਾ ਬਾਪ ਹਾਂ... ਹਾਂ ਬਾਪ ਹਾਂ।

*(ਤੇ ਇਸ ਤਰ੍ਹਾਂ ਕਹਿੰਦਾ ਬਾਹਰ ਨਿਕਲ ਜਾਂਦਾ ਹੈ।)*

ਮਾਂ : (ਆਪਣੇ ਆਪ ਵਿਚ) ਜਾਵੇਗਾ ਉਥੇ, ... ... ...

*(ਹਰਪਾਲ ਆਉਂਦਾ ਹੈ।)*

ਹਰਪਾਲ : ਮਾਂ ਤੂੰ ਐਵੇਂ ਕਲਪਦੀ ਏਂ, ਬਾਪੂ ਨੇ ਬਦਲਣਾ ਥੋੜਾ ਐ।

ਮਾਂ : ਨਾ ਬਦਲੇ, ਪਰ ਉਹ ਕੁੱਤਖਾਨਾ ਤਾਂ ਨਾ ਕਰੇ। ਹੁਣ ਗਿਆ ਏ ਸਰਪੰਚ ਦੇ ਘਰ ਵੱਲ, ਕੁਝ ਬੋਲੇਗਾ, ਉਹ ਵੀ ਅਗੋਂ ਗਾਲ੍ਹ ਕੱਢ ਕੇ ਮੇਹਣੇ ਦੇਵੇਗਾ ਕਿ ਤੇਰੇ ਬਾਪ ਨੇ ਸੇਠਾਂ ਦੇ ਹੱਕ ਵਿਚ ਝੂਠੀ ਗਵਾਹੀ ਦੇ ਕੇ ਗੂੰ ਖਾਧਾ। ਬਸ ਫੇਰ ਦੋਨੋਂ ਸ਼ੁਰੂ ਹੋ ਜਾਣਗੇ।

ਹਰਪਾਲ : ਇਹ ਗਵਾਹੀ ਵਾਲੀ ਗੱਲ ਕੀ ਏ ਮਾਂ ?

ਮਾਂ : ਮੈਨੂੰ ਸਵਾਹ ਦਾ ਪਤਾ ਹੋਣੈ ? ਬਾਬੇ ਤੇਰੇ ਨੇ ਕੋਈ ਗਵਾਹੀ ਦਿੱਤੀ, ਸਰਪੰਚ ਦੇ ਬਾਪੂ ਨੂੰ ਕੈਦ ਹੋ ਗਈ, ਬਜ਼ੁਰਗ ਤਾਂ ਮਰ ਖਪ ਗਏ ਪਰ ਇਹ ਦੁਸ਼ਮਣ ਕੁੱਤਿਆਂ ਵਾਂਗੂੰ ਝਈਆਂ ਲੈਂਦੇ ਨੇ। (ਰਾਣੋ ਨੂੰ ਆਉਂਦੀ ਦੇਖ ਕੇ) ਲੈ ਰਾਣੋ ਆ ਗਈ , ਸਵੇਰ ਦੀ ਪੁੱਛਦੀ ਨੇ ਵਿਹੜਾ ਪੱਟ ਦਿੱਤਾ।

*(ਰਾਣੋ ਆਉਂਦੀ ਹੈ।)*

ਰਾਣੋ : ਸਤਿ ਸ੍ਰੀ ਅਕਾਲ ਮਾਸਟਰ ਜੀ

ਹਰਪਾਲ : ਮਾਸਟਰ ਜੀ ? ਮੈਂ ਮਾਸਟਰ ਜੀ ਕਦੋਂ ਦਾ ਹੋਇਆ ?

ਰਾਣੋ : ਅੱਜ ਤੋਂ ਜਦੋਂ ਦੀ ਪੂਛ ਲੱਗ ਗਈ, ਸ: ਹਰਪਾਲ ਸਿੰਘ ਬੀ.ਏ.ਬੀ.ਐੱਡ

ਹਰਪਾਲ : ਡਿਗਰੀ ਨਾਲ ਕੋਈ ਮਾਸਟਰ ਥੋੜਾ ਲਗ ਜਾਂਦੈ ?

ਰਾਣੋ : ਹੋਰ ਕਿਸ ਤਰ੍ਹਾਂ ਲਗਦਾ ਐ ?

ਹਰਪਾਲ : ਜਦੋਂ ਕਿਸੇ ਸਕੂਲ ਪੜ੍ਹਾਉਣ ਲਗ ਪਵਾਂਗਾ।

ਰਾਣੋ : ਇਹ ਕਹੋ ਪੜ੍ਹਾਉਂਦਿਆਂ ਮੇਰੇ ਅਰਗੀ ਦੀ ਗੁੱਤ ਪੁੱਟ ਕੇ ਆਖੇਂਗਾ... ਬੋਲ "ਊੜਾ"

ਹਰਪਾਲ : ਆਹੋ ਤੂੰ ਗੁੱਤ ਪਟਾਉਣ ਵਾਲੀ ?

ਰਾਣੋ : ਘੱਟ ਤੇ ਨਹੀਂ ਕਰਨ ਵਾਲਾ ?

ਹਰਪਾਲ : ਕਿੰਨੀ ਕੁ ਵਾਰੀ ਤੇਰੀ ਗੁੱਤ ਪੁੱਟੀ ਏ ?

ਰਾਣੋ : ਪੂਰੇ ਸਤਾਰਾਂ ਵਾਰੀ, ਰਾਤੀਂ ਮੈਂ ਉਂਗਲੀਆਂ 'ਤੇ ਗਿਣਿਆ ਸੀ।

ਹਰਪਾਲ : ਰਾਤੀਂ ਕਿਉਂ ?

ਰਾਣੋ : ਰਾਤੀਂ ਤੂੰ ਮੈਨੂੰ ਯਾਦ ਆਇਆ, ਕਿਉਂ ਯਾਦ ਆਇਆ ਇਹ ਮਾਸੀ ਕੋਲੋਂ ਪੁੱਛ ਲਵੀਂ, ਇਹਨੂੰ ਸਭ ਪਤਾ ਏ ਕਿ ਕੋਈ ਬੰਦਾ ਕਿਸੇ-ਕਿਸੇ ਵੇਲੇ ਕਿਉਂ ਯਾਦ ਆਉਂਦਾ ਏ ?

ਹਰਪਾਲ : ਕਿਉਂ ਬੁਝਾਰਤਾਂ ਪਾਉਂਦੀ ਏ, ਸਿੱਧੀ ਗੱਲ ਕਿਉਂ ਨਹੀਂ ਦੱਸਦੀ ?

ਮਾਂ : ਮੈਂ ਦੱਸਦੀ ਹਾਂ ਪੁੱਤਾ, ਰਾਣੋ ਨੇ ਹੁਣ ਜਲਦੀ ਹੋਰ ਘਰ ਜਾਣ ਦੀ ਤਿਆਰ ਕਰ ਲਈ ਏ।

ਰਾਣੋ : ਮੈਂ ਨਹੀਂ ਤਿਆਰੀ ਕੀਤੀ ਮਾਸੀ, ਘਰਦਿਆਂ ਨੇ ਘਰੋਂ ਕੱਢਣ ਦੀ ਤਿਆਰੀ ਕਰ ਲਈ ਏ।

ਮਾਂ : ਤੇ ਇਹ ਵਿਹੜੇ ਜਿਨ੍ਹਾਂ ਵਿਚ ਉਹ ਹੱਸੀ ਖੇਡੀ, ਉਹ ਉਹਦੇ ਤੋਂ ਵਿਸਰ ਜਾਣਗੇ।

ਰਾਣੋ : ਵਿਸਰ ਜਾਣ ਕਿਸੇ ਨੂੰ ਕੀ ?

ਮਾਂ : ਕੁੜੀਏ, ਇਹ ਜੱਗ ਦਾ ਦਸਤੂਰ ਏ, ਭਲਾ ਇਹਦੇ ਵਿਚ ਕੋਈ ਕੀ ਕਰ ਸਕਦਾ ਏ ?

ਰਾਣੋ : ਮਾਸੀ, ਇਹ ਕਿਹੋ ਜਿਹਾ ਦਸਤੂਰ ਏ ਕਿ ਇਕ ਚੰਗੀ-ਭਲੀ ਕੁੜੀ ਨੂੰ ਕਿਸੇ ਲੂਲੇ ਲੰਝੇ ਨਾਲ ਨਹੜ ਦਿਓ, ਜਦ ਕਿ ਉਹਦੇ ਸਿਰ 'ਤੇ ਪਿਓ ਦਾ ਸਹਾਰਾ ਨਹੀਂ, ਮਾਂ ਨੇ ਜੀਂਦਿਆਂ ਜੀ ਘਰ ਦੀ ਸਰਦਾਰੀ ਭਰਾ-ਭਾਬੀ ਦੇ ਜ਼ਿੰਮੇ ਕਰ ਦਿੱਤੀ ਏ ਤੇ ਭਰਾ-ਭਾਬੀ ਨੇ ਫ਼ੈਸਲਾ ਕਰ ਲਿਆ ਕਿ ਰਾਣੋ ਦੀ ਤਕਦੀਰ ਬੰਨ੍ਹ ਦਿਓ ਐਸੀ ਥਾਂ ਭਾਵੇਂ ਉਹ ਕੋਈ ਵੀ ਹੋਵੇ, ਮੰਗੇ ਕੁਝ ਵੀ ਨਾ, ਸਗੋਂ ਪੱਲਿਓਂ ਦੇਵੇ, ਰਾਣੋ ਜਾਏ ਖੂਹ ਵਿਚ।

ਹਰਪਾਲ : ਪਰ ਜਰਨੈਲ ਬਾਈ ਇਉਂ-ਕਿਉਂ ਕਰਨ ਲਗਾ ਏ ? ਮੈਂ ਗੱਲ ਕਰਕੇ ਵੇਖਾਂਗਾ।

ਰਾਣੋ : ਤੂੰ ਕਿਵੇਂ ਗੱਲ ਕਰੇਂਗਾ, ਤੈਨੂੰ ਪੁੱਛੇਗਾ ਤੂੰ ਰਾਣੋ ਦਾ ਕੀ ਲਗਦਾ ਏਂ ? ਤੂੰ ਇਹ ਥੋੜਾ ਦਸੇਂਗਾ ਕਿ ਰਾਣੋ 53 ਵਾਰ ਤੇਰੇ ਨਾਲ ਰੁੱਸੀ, 26 ਵਾਰ ਤੂੰ ਮਨਾ ਲਿਆ, 27 ਵਾਰ ਉਹ ਆਪ ਹੀ ਮੰਨ ਗਈ। ਤੂੰ ਉਹਨੂੰ ਥੋੜਾ ਦਸੇਂਗਾ ਕਿ ਤੈਨੂੰ ਕਾਲਜ ਤੋਂ ਦੇਰ ਹੋ ਜਾਂਦੀ ਸੀ ਤਾਂ ਆਨੇ-ਬਹਾਨੇ ਰਾਣੋ ਮਾਸੀ ਕੋਲੋਂ ਪੁੱਛਦੀ ਪਾਲ ਦੇਰ ਨਾਲ ਕਿਉਂ ਆਉਂਦਾ ਏ ? ਤੂੰ ਉਹਨੂੰ ਇਹ ਦਸੇਂਗਾ ਕਿ ਜਦੋਂ ਤੂੰ ਬੱਤੀ ਜਗ੍ਹਾ ਕੇ ਪੜ੍ਹਦਾ ਹੁੰਦਾ ਸੀ ਤਾਂ ਰਾਣੋ ਆਨੇ-ਬਾਹਨੇ ਗਲੀ ਵਿਚੋਂ ਲੰਘਦੀ ਖਿੜਕੀ ਦੀਆਂ ਵਿਰਲਾਂ ਵਿਚੋਂ ਤੈਨੂੰ ਵੇਖਦੀ ਖੁਸ਼ ਹੁੰਦੀ ਸੀ ਤੇ ਰਾਣੋ ਕਿਸੇ ਨੂੰ ਕਿਸ ਤਰ੍ਹਾਂ ਦਸੇਗੀ ਕਿ ਜਦੋਂ ਉਹ ਗੁੱਡੇ-ਗੁੱਡੀ ਦੇ ਵਿਆਹ ਦੀ ਖੇਡ ਖੇਡਦੀ ਸੀ ਤਾਂ ਉਹ ਹਮੇਸ਼ਾਂ ਪਾਲ ਨੂੰ

ਗੁੱਡਾ ਸਮਝਦੀ ਤੇ ਆਪਦੇ ਆਪ ਨੂੰ ਗੁੱਡੀ ਤੇ ਫੇਰ ਜਦੋਂ ਉਹ ਵੱਡੀ ਹੋਈ ਉਹਨੂੰ ਦੱਸਿਆ ਗਿਆ ਕਿ ਪਿੰਡ ਦੇ ਮੁੰਡੇ ਭਰਾ ਹੁੰਦੇ ਨੇ, ਉਹਨ੍ਹਾਂ ਨਾਲ ਜ਼ਿੰਦਗੀ ਦੇ ਨਾਤੇ ਨਹੀਂ ਜੁੜਦੇ ਤੇ ਨਾਤੇ ਜੁੜਦੇ ਨੇ ਲੰਝਿਆਂ ਨਾਲ, ਜੋ ਖਾਂਦੇ ਪੀਂਦੇ ਘਰਾਂ ਤੋਂ ਹੁੰਦੇ ਨੇ, ਜ਼ਮੀਨਾਂ ਦੇ ਮਾਲਕ ਹੁੰਦੇ ਨੇ। ਰਾਣੋ ਦੇ ਭਰਾ-ਭਾਬੀ ਕੋਲੋਂ ਕੁਝ ਨਹੀਂ ਮੰਗਦੇ ਤੇ ਸਤਿ ਸ੍ਰੀ ਅਕਾਲ ਮਾਸਟਰ ਜੀ, ਤੇ ਹਾਂ ਜਦੋਂ ਬੱਚਿਆਂ ਨੂੰ ਕੋਈ ਕਵਿਤਾ ਪੜ੍ਹਾਓ ਤਾਂ ਦੱਸ ਦੇਣਾ ਕਵਿਤਾ, ਕਵਿਤਾ ਹੁੰਦੀ ਏ ਤੇ ਜ਼ਿੰਦਗੀ ਦੀ ਅਸਲੀਅਤ ਹੋਰ ਹੁੰਦੀ ਏ।

*(ਤੇਜ਼ੀ ਨਾਲ ਜਾਂਦੀ ਹੈ)*

ਮਾਂ : ਲੈ ਇਕੋ ਸਾਹੇ ਕਿੰਨਾ ਕੁਝ ਬੋਲ ਗਈ ਏ।

ਹਰਪਾਲ : ਇਕੋ ਸਾਹ ਸਾਰੀ ਦੁਨੀਆਂ ਦੀ ਵੇਦਨਾ ਕਹਿ ਗਈ ਏ ਮਾਂ

*(ਤਾਰਾ ਆਉਂਦਾ ਹੈ)*

ਤਾਰਾ : ਲੈ ਰਾਣੋ ਕਿਥੇ ਗਈ, ਮੈਨੂੰ ਐਸਾ ਧੱਕਾ ਮਾਰਿਆ ਬਸ ਕਿ ਮਸਾਂ ਡਿਗਣੋਂ ਬਚਿਆ।

ਮਾਂ : ਵੇ ਤੂੰ ਕਿਵੇਂ ਆਇਆ ਤਾਰਿਆ ? ਭਰਾ-ਭਾਬੀ ਤੇਰੇ ਰਾਜੀ ਨੇ ?

ਤਾਰਾ : ਉਹ ਰਾਜੀ ਨੇ ਹਾਲੇ ਉਨ੍ਹਾਂ ਨੂੰ ਪਲੇਗ ਨਹੀਂ ਪਈ, ਤੇ ਪੁੱਛਦੀ ਏ ਕਿਵੇਂ ਆਇਆ ਹਾਂ, ਆਪਣਾ ਭਤੀਜ ਪਾਸ ਹੋਇਆ, ਲੈ ਲੱਡੂ ਵੀ ਨਹੀਂ ਖਾਵਾਂਗਾ (ਪਾਲ ਨੂੰ ਜਾਂਦਿਆਂ ਵੇਖ ਕੇ) ਲੈ ਤੂੰ ਕਿਥੇ ਉੱਡ ਚਲਿਆਂ ਏ ? ਬਾਪੂ ਨੂੰ ਸੱਦਣ ਚਲਿਐਂ, ਜਾ ਸੱਦ ਲਿਆ ਪਰ ਉਹ ਆਉਣ ਨਹੀਂ ਲੱਗਾ। ਸਰਪੰਚ ਦੀ ਬੀਹੀਂ 'ਚ ਬੜਕਾਂ ਮਾਰ ਰਿਹਾ ਏ। ਭਾਬੀ, ਤੇਰਾ ਦਿਓਰ ਸਰਮੁੱਖ ਵੀ ਉਥੇ ਏ, ਸਮਝਾਉਂਦਾ ਪਿਆ ਏ ਬਾਈ ਨੂੰ।

ਮਾਂ : ਸਮਝਾਉਂਦਾ ਕਿਉਂ ਏ ? ਨਾਲ ਖਲੋਵੇ ਉਹਦੇ ਕੋਲ ਫੇਰ ਸਰਪੰਚ ਨੂੰ ਵੀ ਪਤਾ ਲੱਗੇ ਕਿ ਭਰਾ 'ਕੱਠੇ ਨੇ, ਪਰ ਸਰਮੁੱਖ ਕੀ ਤੇ ਜਗਦੇਵ ਕੀ, ਦੋਨੋਂ ਇਕੋ ਰੱਸੇ ਫਾਹੇ ਦੇਣ ਜੋਗੇ ਨੇ, ਜਿਸ ਭਰਾ ਨੇ ਥਾਣੇਦਾਰੀ ਵੇਲੇ ਉਨ੍ਹਾਂ ਨੂੰ ਪਾਲਿਆ ਹੁਣ ਵੱਡੇ ਹੋ ਕੇ ਪੈਸੇ ਵਾਲੇ ਹੋ ਗਏ ਤੇ ਭਾਈ ਨੂੰ ਮੂਰਖ ਸਮਝਣ ਲੱਗ ਪਏ ਕਿ ਹਾਂ-ਹਾਂ ਲੜਨਾ ਕਿਉਂ ਏ ? ਲੜੇ ਕਿਉਂ ਨਾ ਹੋਰ ਗਾਲ੍ਹਾਂ ਖਾਏ ?

ਤਾਰਾ : ਲੇ ਭਾਈ, ਸਰਮੁੱਖ ਦੀ ਹੁਣ ਟੌਰ ਹੋ ਗਈ ਏ, ਮੈਂ ਗਿਆ ਉਨ੍ਹਾਂ ਦੇ ਘਰ। ਘਰ ਵਾਲੇ ਤਾਂ ਉਨ੍ਹਾਂ ਨੇ ਵਟ ਕੱਢ ਦਿੱਤੇ। ਮਾਰ ਪਾਣੀਆਂ ਵਾਲੀਆਂ ਟੂਟੀਆਂ, ਕਿਤੇ ਚਿੱਤ ਕੱਬਰੇ ਫਰਸ਼, ਡੰਗਰਾਂ ਹੇਠ ਵੀ

ਮੁੜ ਪੱਕੇ ਫਰਸ਼ ਠੋਕੇ ਪਏ ਨੇ।

ਮਾਂ : ਠੋਕਣ ਕਿਉਂ ਨਾ ? ਈਮਾਨ ਨਾਲ ਕਮਾਉਣ ਲਗੋ ਤਾਂ ਫੇਰ ਘਾਟਾ ਕਾਹਦਾ ਏ ? ਆਪ ਛੇ ਛੇ ਗੱਡੀਆਂ ਪਾ ਲਈਆਂ, ਉਨ੍ਹਾਂ ਵਿਚ ਵਾਧਾ ਹੀ ਵਾਧਾ। ਭਰਾ ਨਾਲ ਰਲਕੇ ਇਕ ਗੱਡੀ ਪਾ ਲਈ, ਉਹਦੇ ਵਿਚ ਘਾਟਾ ਹੀ ਘਾਟਾ, ਪੂਰੇ ਪੰਜਾਹ ਹਜ਼ਾਰ ਰੁੜ ਗਏ। (ਇੱਧਰ ਉੱਧਰ ਵੇਖ ਕੇ) ਉਰ੍ਹਾਂ ਹੋ ਤੈਨੂੰ ਗੱਲ ਦਸਾਂ, ਰਾਤ ਹਨੇਰੇ ਬਨੇਰੇ ਯੂ.ਪੀ. ਜਾਂਦਿਆਂ ਦੂਜੀਆਂ ਗੱਡੀਆਂ ਦਾ ਮਾਲ ਵੀ ਲੁੱਟ ਕੇ ਆਪਣੀਆਂ ਵਿਚ ਪਾ ਲੈਂਦੇ ਨੇ। ਇਹ ਨਾ ਸਮਝੀ ਕਿ ਸ਼ਰੀਕਨੀਆਂ ਵਾਲੀਆਂ ਗੱਲਾਂ ਪਈ ਕਰਦੀ ਆ। ਬੈਠ ਤੈਨੂੰ ਚਾਹ ਵੀ ਪਿਆਉਂਦੀ ਹਾਂ ਤੇ ਲੱਡੂ ਵੀ ਖਵਾਉਂਦੀ ਹਾਂ।

ਤਾਰਾ : ਹਾਂ ਉਹ ਤਾਂ ਜ਼ਰੂਰ ਖਾਵਾਂਗਾ ਪਰ ਤੂੰ ਮੈਨੂੰ ਕੋਈ ਨਵੀਂ ਗੱਲ ਨਹੀਂ ਦੱਸੀ, ਸਾਨੂੰ ਸਭ ਪਤਾ ਏ, ਪਿਛੇ ਜਿਹੇ ਪੁਲਿਸ ਵਾਲਿਆਂ ਨੇ ਛਾਪਾ ਵੀ ਮਾਰਿਆ ਸੀ, ਪਰ ਲੱਭਿਆ ਤਾਂ ਕੁਝ ਨਹੀਂ ਸੀ।

ਮਾਂ : ਅਗਲੇ ਲੱਭਣ ਦੇਂਦੇ ਨੇ, ਨਾਲ ਪੁਲਿਸ ਵਾਲੇ ਕਿਹੜਾ ਲੱਭ ਕੇ ਰਾਜ਼ੀ ਹੁੰਦੇ ਨੇ, ਉਨ੍ਹਾਂ ਨੇ ਆਪਣੇ ਬੋਝੇ ਭਰਨੇ ਹੁੰਦੇ ਨੇ, ਉਹ ਉਨ੍ਹਾਂ ਭਰ ਲਏ।

*(ਬਾਹਰੋਂ ਬੂਆ ਦੀ ਬੜਕ ਦੀ ਅਵਾਜ਼, "ਹੁਣ ਸਾਲੇ ਇਥ-ਇਕ ਨੂੰ ਵੇਖਾਂਗਾ।" ਪਾਲ ਬਾਪੂ ਨੂੰ ਫੜ ਕੇ ਅੰਦਰ ਲਿਆਂਦਾ ਹੈ।*

ਪਾਲ : ਤੂੰ ਬਾਪੂ ਅੰਦਰ ਚੱਲ।

ਬਾਪੂ : ਸਾਲਾ ਕਹਿੰਦਾ ਏ ਪੁਲਸੀਆ ਆਪਣੇ ਲੱਛਣ ਭਹੀਂ ਛੱਡਦਾ, ਕਿਉਂ ਛੱਡਾਂ ? (ਤਾਰੇ ਨੂੰ ਵੇਖ ਕੇ) ਓਏ ਤਾਰਿਆ ਚੁਗਲਖੋਰਾ, ਮੈਨੂੰ ਪਤਾ ਏ ਤੂੰ ਏਧਰ ਦੀ ਗੱਲ ਓਧਰ ਤੇ ਓਧਰ ਦੀ ਗੱਲ ਏਧਰ ਪੁਚਾਉਂਦਾ ਏ ਤੇ ਪੁਚਾ ਦਈ ਇਹ ਗੱਲ ਸਰਪੰਚ ਨੂੰ ਕਿ ਮੈਂ ਉਹਦਾ ਸਿਰ ਲਾਹ ਦੇਵਾਂਗਾ ਤੇ ਆਪ ਫਾਹੇ ਲੱਗ ਜਾਵਾਂਗਾ। ਬੰਦੇ ਦੀ ਅਣਖ ਵੀ ਕੋਈ ਚੀਜ਼ ਹੁੰਦੀ ਏ ਹਰ ਕੋਈ ਉਹਦੇ ਵਾਂਗ ਫੁੱਦੂ ਨਹੀਂ ਹੁੰਦਾ।

ਮਾਂ : ਅੰਦਰ ਹੋ ਕੇ ਬੈਠ ਭੁਲਿਆ ਨਹੀਂ ਸ਼ਰਮ ਕਿਸੇ ਕੋਲੋਂ
(ਉਹ ਉਹਨੂੰ ਅੰਦਰ ਲਿਜਾਂਦੀ ਹੈ। ਤਾਰਾ ਦੂਜੇ ਪਾਸੇ ਤੋਂ ਬਾਹਰ ਜਾਂਦਾ ਹੈ, "ਭਾਬੀ ਸਾਡੇ ਲੱਡੂ ਉਧਾਰੇ ਰਹੇ ਤੇਰੇ ਵੱਲ")

ਬਾਪੂ : (ਅੰਦਰ ਜਾਂਦਾ ਹੋਇਆ) ਹੈ ਸਾਲਾ ਲੱਡੂਆਂ ਦਾ।

*(ਹਰਪਾਲ ਮੰਚ 'ਤੇ ਇਕੱਲਾ ਖਲੋਤਾ ਕਹਾਣੀ ਨੂੰ ਅੱਗੇ ਤੋਰਦਾ ਹੈ।)*

ਹਰਪਾਲ : ਹਾਂ ਬੰਦੇ ਦੀ ਅਣਖ ਵੀ ਕੋਈ ਚੀਜ਼ ਹੁੰਦੀ ਏ ਤੇ ਇਹ ਅਣਖ ਜਦੋਂ ਪੈਰ ਪੈਰ 'ਤੇ ਰੋਲੀ ਜਾਵੇ ਤਾਂ ਸਭ ਕੁਝ ਉਲਟ-ਪੁਲਟ ਹੋ ਜਾਂਦਾ ਹੈ। ਪੁੱਤਰ ਬੀ.ਏ. ਬੀ.ਐੱਡ ਹੋ ਗਿਆ ਏ, ਉਹਨੂੰ ਚੰਗੀ ਨੌਕਰੀ ਮਿਲੇਗੀ ਤੇ ਉਹ ਸਰਪੰਚ ਦਾ ਮੂੰਹ ਚਿੜਾ ਸਕੇਗਾ, ਹੌਲੀ ਹੌਲੀ ਖੁਰਦਾ ਗਿਆ ਕਿਉਂਕਿ ਲੱਖ ਯਤਨ ਕਰਨ 'ਤੇ ਵੀ ਮੈਨੂੰ ਸਰਕਾਰੀ ਨੌਕਰੀ ਕੀ, ਕਿਸੇ ਪ੍ਰਾਈਵੇਟ ਸਕੂਲ ਵਿਚ ਹਜ਼ਾਰ ਰੁਪਏ ਦੀ ਨੌਕਰੀ ਵੀ ਨਾ ਮਿਲੀ। ਜਗਦੇਵ ਬਾਈ ਜੋ ਕਮਾਉਂਦਾ, ਉਹ ਨਸ਼ਿਆਂ ਵਿਚ ਹੀ ਖਰਚ ਕਰ ਦੇਂਦਾ ਤੇ ਭਾਬੀ ਬਲਵੰਤੋ ਜੋ ਘਰ ਹੀ ਰਹਿੰਦਾ ਸੀ, ਘਰ ਦੀ ਗੋਲੀ ਬਣ ਗਈ। ਮਾਂ ਆਪਣੀ ਜ਼ਿੰਦਗੀ ਦੀਆਂ ਸਾਰੀਆਂ ਤਲਖੀਆਂ ਦਾ ਗੁੱਸਾ ਭਾਬੀ ਉਤੇ ਹੀ ਕੱਢਦੀ। ਦਰਸ਼ਨ ਬਾਈ ਡੁੱਬਈ ਜੋ ਕਮਾਉਂਦਾ ਭਾਬੀ ਮਲਕੀਤੋ ਨੂੰ ਭੇਜਦਾ, ਜੋ ਹੁਣ ਪੇਕੇ ਜਾ ਬੈਠੀ ਸੀ ਤੇ ਆਪਣੇ ਭਰਾਵਾਂ ਤੇ ਬਾਪੂ ਦੀ ਮਦਦ ਨਾਲ ਦਰਸ਼ਨ ਦੇ ਭੇਜੇ ਹੋਏ ਪੈਸੇ ਨਾਲ ਹੌਲੀ ਹੌਲੀ ਜ਼ਮੀਨ ਬਣਾਉਣ ਲੱਗ ਪਈ ਸੀ। ਮਲਕੀਤੋ ਤੇ ਬਲਵੰਤੋ ਵਿਚ ਫਰਕ ਸੀ। ਮਲਕੀਤੋ ਪਟਰਾਣੀ ਸੀ, ਕਿਉਂਕਿ ਉਹਦਾ ਬੰਦਾ ਨੋਟਾਂ ਦੇ ਥੱਦ ਕਮਾਉਂਦਾ ਸੀ। ਬਲਵੰਤੋ ਗੋਲੀ ਸੀ ਕਿਉਂਕਿ ਉਹਦਾ ਬੰਦਾ ਨਸ਼ਈ ਸੀ। ਧੀਰਾ ਖੇਤੀ ਕਰਦਾ, ਮੈਂ ਉਹਦਾ ਹੱਥ ਵੰਡਾਉਣਾ ਚਾਹੁੰਦਾ ਪਰ ਉਹ ਨਾਂਹ ਕਰ ਦੇਂਦਾ ਕਿਉਂਕਿ ਏਨੀ ਕੁ ਜ਼ਮੀਨ ਉਹ 'ਕੱਲ੍ਹੇ ਹੀ ਸਾਂਭ ਸਕਦੇ ਸਨ। ਘਰ ਵਿਚ ਜਿਉਂ-ਜਿਉਂ ਮੰਦਹਾਲੀ ਵੱਧਦੀ ਗਈ ਤਿਉਂ ਤਿਉਂ ਮਾਂ ਦੀਆਂ ਦੁਰਅਸੀਸਾਂ ਸ਼ਰੀਕ ਤੇ ਸ਼ਰੀਕਨੀਆਂ ਲਈ ਵੱਧਦੀਆਂ ਗਈਆਂ। ਰਾਣੋ ਵਿਆਹੀ ਗਈ, ਉਹਦੇ ਬੇਬਾਕ ਹਾਸੇ ਦੀ ਗੂੰਜ ਜਿਹੜੀ ਆਪਣੇ ਵਿਹੜੇ ਦੇ ਨਾਲ-ਨਾਲ ਸਾਡੇ ਵਿਹੜੇ ਦੀ ਰੌਣਕ ਵੀ ਹੁੰਦੀ ਸੀ, ਉਹ ਦੂਰ-ਦੁਰਾਡੇ ਚਲੀ ਗਈ। ਰਾਣੋ ਬਚਪਨ ਵਿਚ ਮੇਰੀ ਸਭ ਕੁਝ ਸੀ, ਵੱਡੀ ਹੋਣ 'ਤੇ ਮੇਰੀ ਇਕ ਚੰਗੀ ਮਿੱਤਰ ਤੇ .... ਜਿਸ ਨਾਲ ਪਿਆਰ ਵੀ ਹੁੰਦਾ, ਲੜਾਈ ਵੀ ਹੁੰਦੀ। ਮੈਂ ਉਹਦੇ ਬਾਰੇ ਇਸ ਤੋਂ ਵੱਧ ਨਹੀਂ ਸੋਚਿਆ ਸੀ, ਪਰ ਉਹਦੇ ਵਿਆਹ ਨੇ ਮੈਨੂੰ ਬਹੁਤ ਹੀ ਉਦਾਸ ਕੀਤਾ। ਖਾਸ ਕਰਕੇ ਉਹੋ ਮਰਦ ਦੀ ਦੱਖ ਨੇ। ਮੈਂ ਵਿਆਹ 'ਤੇ ਇਕ ਭਰਾ ਦੇ ਨਾਤੇ ਸਾਰੇ ਫਰਜ਼ ਨਿਭਾਏ ਤੇ ਰਾਣੋ ਦੀ ਜ਼ਿੱਦ ਕਰਕੇ ਉਹਦੇ ਨਾਲ ਉਹਦੇ ਸਹੁਰੇ ਘਰ ਤੱਕ ਛੱਡਣ ਵੀ ਗਿਆ। ਜ਼ਾਰ-ਜ਼ਾਰ ਰੋਂਦੀ ਨਾਲ ਵਾਅਦਾ ਵੀ ਕੀਤਾ ਕਿ ਮੈਂ ਆਉਂਦਾ ਜਾਂਦਾ ਰਹਾਂਗਾ ਤੇ ਉਹਦੀ ਖ਼ਬਰਸਾਰ ਲੈਂਦਾ ਰਹਾਂਗਾ ਪਰ ਸਹੁਰੇ ਘਰ ਵਾਲਿਆਂ ਦੀ ਸ਼ੱਕੀ ਨਿਗ੍ਹਾ ਹੈ। ਉਨ੍ਹਾਂ ਦਾ ਖਿਆਲ

ਕਰਕੇ ਦੂਜੀ ਵਾਰ ਨਹੀਂ ਗਿਆ। ਨਕਸਲਵਾਦੀ ਪਾਰਟੀ ਦਾ ਬਾਈ ਅਮੋਲਕ, ਜਿਨ੍ਹਾਂ ਨਾਲ ਮੇਰੀ ਪਹਿਚਾਣ ਕਾਲਜ 'ਚ ਪੜ੍ਹਦਿਆਂ ਹੋਈ ਸੀ, ਹੁਣ ਮੈਨੂੰ ਬੜਾ ਆਮ ਮਿਲਦਾ। ਮੈਂ ਜਲਸਿਆਂ, ਜਲੂਸਾਂ 'ਤੇ ਜਾਣ ਲੱਗ ਪਿਆ। ਕਈ-ਕਈ ਦਿਨ ਘਰੋਂ ਗਾਇਬ ਰਹਿੰਦਾ। ਬਾਪੂ ਤੇ ਮਾਂ ਲਈ ਇਹ ਆਪਣੇ-ਆਪ ਵਿਚ ਕਸ਼ਟ ਵਾਲੀ ਗੱਲ ਸੀ, ਪਿਡ ਹੁੰਦਾ ਤਾਂ ਚਾਚੇ ਤਾਏ ਨਾਲ ਸ਼ੁਗਲ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਕਿਉਂਕਿ ਉਹਨੂੰ ਪਿੰਡ ਦੇ ਹਰ ਘਰ ਦੀ ਅੰਦਰ ਦੀ ਖ਼ਬਰ ਹੁੰਦੀ।

*(ਹਰਪਾਲ ਤਖ਼ਤਪੋਸ਼ 'ਤੇ ਬੈਠਦਾ ਹੈ, ਚਾਚਾ ਚਰਨਾ ਆਉਂਦਾ ਹੈ।)*

ਤਾਰਾ : ਲੈ ਭਤੀਜ, ਉਹ ਭੈਣ ਦਾ ਦੀਨਾ ਵਿਹੜੇ ਵਾਲਾ ਚਰਨਾ ਹੁਣ ਪਟਿਆਲੇ ਡਾਕਟਰ ਚਰਨ ਸਿੰਘ ਬਣ ਗਿਆ।

ਹਰਪਾਲ : ਚੱਲ ਚਾਚਾ ਗਾਲ੍ਹ ਕਿਉਂ ਕੱਢਣੀ ਹੋਈ ਡਾਕਟਰ ਬਣ ਗਿਆ ਏ ਤਾਂ ਪਿੰਡ ਵਾਲਿਆਂ ਲਈ ਚੰਗਾ ਹੀ ਏ, ਕੰਮ ਹੀ ਆਏਗਾ।

ਤਾਰਾ : ਲੈ ਹੁਣ ਤਾਂ ਬੜਾ ਹੇਜ ਜਾਗਿਆ, ਉਹ ਦਿਨ ਭੁੱਲ ਗਿਆਂ ? ਜਦੋਂ ਤੁਸੀਂ ਮੁੰਡਿਆਂ ਨੇ ਰਲ ਕੇ ਉਹਨੂੰ ਕੁੱਟਿਆ ਸੀ ਤੇ ਫੇਰ ਨੰਗਾ ਕਰਕੇ ਉਹਦੀ ਬੇਇੱਜ਼ਤੀ ਕੀਤੀ ਸੀ।

ਹਰਪਾਲ : ਚੜ੍ਹਦੀਜਵਾਨੀ ਦੀਆਂ ਮੂਰਖਾਂ ਵਾਲੀਆਂ ਗੱਲਾਂ ਯਾਦ ਰੱਖ ਕੇ ਕੀ ਲੇਣਾ ਏ ਚਾਚਾ।

ਤਾਰਾ : ਨਾ ਹੁਣ ਤੂੰ ਕਿਤੇ ਬੁੱਢਾ ਹੋ ਗਿਆ ਏ ? ਉਹਦਾ ਫ਼ੌਜੀ ਪਿਓ ਥਾਣਾ ਚੜ੍ਹਾ ਲਿਆਇਆ ਨਾ ਫੇਰ ਰਾਜੀਨਾਮੇ ਲਈ ਧੀਰੇ ਨੇ ਕਿੰਨਾ ਦਿੱਤਾ ਥਾਣੇ ਵਾਲਿਆਂ ਨੂੰ ?

ਹਰਪਾਲ : ਤੈਨੂੰ ਪਤਾ ਤਾਂ ਹੈ ਚਾਚਾ, 300 ਦਿੱਤਾ ਸੀ।

ਤਾਰਾ : ਤੇ ਤੂੰ ਵੱਡਾ ਸੂਰਮਾਂ, 5 ਦਿਨ ਘਰ ਨਹੀਂ ਵੜਿਆ ਸੀ, ਪਰ ਗੱਲ ਕੀ ਹੋਈ ਸੀ ?

ਹਰਪਾਲ : ਤੂੰ ਤੇ ਅੱਖਾਂ ਕੱਢਦਾ ਏਂ, ਗੱਲ ਕੀ ਹੋਣੀ ਸੀ ਬਸ ਐਵੇਂ ਹੂੜ ਮੱਤ। ਬੜੇ ਪਟਾਕੇ ਉਨ੍ਹਾਂ ਨੇ ਪਾਏ। ਇਕ ਵਿਹੜਾ ਵਾਲਾ ਮੁੰਡਾ ਹੋ ਕੇ ਮੱਕੀ ਚੱਬਾ ਦੀ ਜੱਟ ਕੁੜੀ ਨਾਲ ਇਸ਼ਕ ਕਿਉਂ ਕਰਦਾ ਏ ਤੇ ਉਹ ਵੀ ਉਹਦੇ ਨਾਲ ਕਾਲਜ ਆਉਂਦੀ ਜਾਂਦੀ ਬੱਸ ਵਿਚ ਢੁੱਕ-ਢੁੱਕ ਕਿਉਂ ਬਹਿੰਦੀ ਏ ? ਪਰ ਹੁਣ ਸੋਚਦਾ ਹਾਂ ਕਿ ਬੰਦਾ ਜਾਤ ਕਰਕੇ ਵੱਡਾ ਛੋਟਾ ਨਹੀਂ ਹੁੰਦਾ, ਰੁੱਤਬੇ ਕਰਕੇ ਵੱਡਾ ਛੋਟਾ ਹੁੰਦਾ ਏ।

ਤਾਰਾ : ਇਸੇ ਕਰਕੇ ਵਿਹੜੇ ਵਾਲੇ ਬਹੁਤ ਮੁੰਡੇ, ਜਿਹੜੇ ਚਿੱਕੜਾਂ ਵਿਚ

ਖੇਡਦੇ ਵੱਡੇ ਹੋਏ, ਹੁਣ ਉਨ੍ਹਾ ਦੀ ਆਕੜ ਹੀ ਨਹੀਂ ਮਾਣ, ਭੈਣ ਦੇਣਿਆਂ ਦੀ।

ਹਰਪਾਲ : ਚੱਲ ਚਾਚਾ ਇਹਦੇ ਵਿਚ ਮਾਲਕੀ ਏ, ਬਥੇਰਾ ਚਿਰ ਉਨ੍ਹਾਂ ਦੇ ਪੁਰਖਿਆਂ ਨੇ ਸਾਡੇ ਪੁਰਖਿਆਂ ਦਾ ਮੈਲਾ ਸਿਰ 'ਤੇ ਚੁੱਕਿਆ ਏ। ਪਰ ਚਾਚਾ ਨਿੱਕੀਆਂ-ਨਿੱਕੀਆਂ ਗੱਲਾਂ ਨਾਲ ਕਿੰਨਾ ਫਰਕ ਪੈ ਜਾਂਦੀ ਹੈ। ਹੁਣ ਚਰਨੇ ਨੂੰ ਹੀ ਵੇਖ ਲੈ ਉਹਦੇ ਦਸਵੀਂ ਵਿਚ ਮੇਰੇ ਨਾਲੋਂ ਨੰਬਰ ਥੋੜੇ ਸਨ। ਜਗਰਾਵੀਂ ਸਾਇੰਸ ਕਾਲਜ ਕੱਠੇ ਦਾਖ਼ਲ ਹੋਣ ਗਏ, ਉਹਨੂੰ ਦਾਖ਼ਲਾ ਮਿਲ ਗਿਆ ਰਾਖਵੇਂ ਕੋਟੇ ਵਿਚ। ਉਹਨੂੰ ਡਾਕਟਰੀ ਵਿਚ ਵੀ ਦਾਖ਼ਲਾ ਰਾਖਵੇਂ ਕੋਟੇ ਵਿਚ ਮਿਲ ਗਿਆ ਤੇ ਅਸੀਂ ਜਾਂ ਦਾਖ਼ਲ ਹੋਏ ਦੂਜੇ ਕਾਲਜ ਵਿਚ। ਉਥੇ ਕੀ ਸੀ, ਦੋ ਕਿਤਾਬਾਂ ਚੁੱਕ ਕੇ ਸਵੇਰੇ ਘਰੋਂ ਨਿਕਲ ਜਾਣਾ, ਦੋ ਪੀਰੀਅਡ ਪੜ੍ਹਣਾ, ਫੇਰ ਸਾਰਾ ਦਿਨ ਵਿਹਲੇ, ਕਿਸੇ ਚਾਹ ਦੀ ਦੁਕਾਨ 'ਤੇ ਬੈਠ ਜਾਣਾ, ਕੁੜੀਆਂ ਦੀਆਂ ਗੱਲਾਂ ਕਰ ਛੱਡਣੀਆਂ, ਦਿਨ ਦੇ ਸ਼ੋ ਵਾਲਾ ਸਿਨੇਮਾ ਵੇਖ ਲੈਣਾ। ਜੇ ਥੋੜੀ ਤੋਟ ਹੋ ਜਾਂਦੀ ਤਾਂ ਕਿਸੇ ਦੁਕਾਨ 'ਚ ਬੈਠ ਕੇ ਬੋਤਲ ਖੋਲ੍ਹ ਲੈਣੀ, ਬੱਸ ਵਿਹਲ ਹੀ ਵਿਹਲ, ਨਾ ਕੋਈ ਆਉਣ ਵਾਲੇ ਦਿਨਾਂ ਦੀ ਸੂਝ ਅਤੇ ਨਾ ਹੀ ਕੋਈ ਉਮੀਦ।

ਤਾਰਾ : ਲੈ ਮੁੰਡਿਆ, ਤੂੰ ਤੇ ਹੁਣ ਇਹੋ ਜਿਹੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਨੇ। ਤੇਰੀ ਏਡੀ ਪਹਾੜ ਵਰਗੀ ਉਮਰ ਕਿਥੋਂ ਲੰਘੇਗੀ। ਸਾਡੇ ਵੱਲ ਵੇਖ, ਚਾਰ ਜਿਹੜੀਆਂ ਪੜ੍ਹੀਆਂ ਓਹ ਵੀ ਨਾ ਪੜ੍ਹੀਆਂ ਵਰਗੀਆਂ। ਜ਼ਮੀਨ ਸਾਡੇ ਬੁੜੇ ਨੇ ਸਾਡੇ ਲਈ ਸਾਂਭੀ ਨਾ। ਕੁੜੀ ਵੀ ਸਾਡੇ ਨਾਲ ਕਿਸੇ ਵਿਆਹ ਨਾ ਕੀਤਾ, ਕੀ ਪਿਆ ਏ ਸਾਡੇ ਲਈ ਜ਼ਿੰਦਗੀ ਵਿਚ। ਹੁਣ ਉਮਰ ਨਹੀਂ ਰਹੀ, ਨਹੀਂ ਤਾਂ ਬਾਬਿਆਂ ਦੀ ਫ਼ੌਜ 'ਚ ਰੱਲ ਜਾਂਦੇ... ਬਈ ਬਾਬੇ ਹੈ ਬੜੀ ਚੀਜ਼ ਨੇ... ਪਿਛੇ ਸਿਧਮੀ ਆਏ, ਬੜੇ ਪਟਾਕੇ ਉਨ੍ਹਾਂ ਨੇ ਪਾਏ ਅਖੇ ਹਰ ਕੋਈ ਇਕ ਮੋਟਰ ਸੈਕਲ ਰੱਖੇ, ਪਿਸਤੋਲ ਖਰੀਦ ਕੇ, (ਬਦਲ ਕੇ) ਨਾ ਭਤੀਜ ਜਿਹੜਾ ਮਸਲਾ ਉਠਿਐ ਇਹਦਾ ਹੱਲ ਹੋ ਜਾਊ ?

ਹਰਪਾਲ : ਕਿਹੜਾ ਮਸਲਾ ?

ਤਾਰਾ : ਜਿਹੜਾ ਬਾਬਿਆਂ ਚੁੱਕਿਐ ਕਿ ਹਮਨੇ ਬ੍ਰਾਹਮਣੋ ਕੇ ਰਾਜ ਮੇਂ ਨਹੀਂ ਰਹਿਣਾ।

ਹਰਪਾਲ : ਤੇਰਾ ਕੀ ਖਿਆਲ ਏ ਚਾਚਾ ?

ਤਾਰਾ : ਲੈ ਮੈਨੂੰ ਬਹੁਤੀ ਸਮਝ ਤਾਂ ਨਹੀਂ ਪਰ ਇਕ ਗੱਲ ਦੀ ਤਾਂ ਸਮਝ ਏ ਕਿ ਕੋਈ ਗੜਬੜ ਜ਼ਰੂਰ ਏ ਤੇਰੇ ਵਰਗੇ ਪੜ੍ਹਿਆਂ ਲਿਖਿਆਂ ਲਈ

ਨੌਕਰੀ ਨਹੀਂ ਤੇ ਮੇਰੇ ਵਰਗੇ ਬਹੁਤ ਬਸ ਜੂਨ ਹੀ ਕੱਟਦੇ ਨੇ, ਜਿਹੇ ਜ਼ਿੰਦਗੀ ਵਿਚ ਆਏ, ਕਿਤੇ ਨਾ ਆਏ... ਤੇ ਮੈਂ ਕੱਲ੍ਹਾ ਥੋੜਾ ਆਂ। ਹੁਣ ਆਪਣਾ ਪਿੰਡ ਹੀ ਲੈ ਲੈ, ਬਰਾੜਾਂ ਦੇ ਘਰਾਂ ਵਿਚ ਬੰਤੇ ਨੂੰ ਕੀ ਕੰਮ ਏ ? ਆਪਣੇ ਕੈਦੀ ਸ਼ਿੰਗਾਰੇ ਨੂੰ ਕੀ ਕੰਮ ਏ... ਅੱਛਰ ਸਿਘ ਦੇ ਮੁੰਡੇ ਨੂੰ ਕੋਈ ਕੰਮ ਐ ? ਬੱਸ ਤਾਸ਼ ਖੇਡ ਛੱਡੀ ਤੇ ਵਕਤ ਗੁਜ਼ਾਰ ਦਿੰਤਾ। ਭਾਈ ਵਿਹਲੇ ਬੰਦੇ ਨੂੰ ਇਲੱਤਾਂ ਹੀ ਸੁਝਦੀਆ ਨੇ। ਇਸੇ ਕਰਕੇ ਪਿੰਡ ਵਿਚ ਕੋਈ ਘਟਨਾ ਘਟ ਜਾਏ ਤਾਂ ਵਾਹਵਾ ਸ਼ੁਗਲ ਰਹਿੰਦਾ ਏ। (ਗੱਲ ਬਦਲ ਕੇ) ਉਂਝ ਪਿੰਡ ਲਈ ਇਹ ਸ਼ੁਗਲ ਤਾਂ ਪੱਕਾ ਏ ਜਦੋਂ ਤੇਰੇ ਬਾਪੂ ਤੇ ਸਰਪੰਚ ਦੀ ਖਹਿਬੜਦੀ ਏ ਖ਼ਾਸ ਕਰਕੇ ਜਦੋਂ ਦੋਵਾਂ ਹੀ ਪੀਤੀ ਹੋਵੇ।

*(ਮਾਂ ਆਉਂਦੀ ਹੈ)*

ਮਾਂ : ਆਹੋ ਤੁਹਾਡਾ ਸ਼ੁਗਲ ਰਹਿੰਦਾ ਏ, ਕਿਸੇ ਦਾ ਸਿਰ ਪਾੜ ਗਿਆ। ਆਪੇ ਘਰ ਵਾਲੇ ਭੁਗਤਣਗੇ, ਤੁਹਾਡਾ ਕੀ ਜਾਂਦਾ ਏ ?

ਤਾਰਾ : ਭਾਬੀ ਤੂੰ ਇਹਦਾ ਫਿਕਰ ਨਾ ਕਰ, ਸਿਰ ਫਾੜਣ ਵਾਲਾ ਇਨ੍ਹਾਂ ਵਿਚੋਂ ਕੋਈ ਨਹੀਂ, ਜ਼ਬਾਨੀ ਕਲਾਮੀ ਭਾਵੇਂ ਜਿੰਨੀ ਮਰਜ਼ੀ ਅੱਗ ਪਏ ਉਡਾਉਣ, ਹਾਂ ਭਾਬੀ ਤੇਰੇ ਸ਼ਰੀਕਾਂ ਦਾ ਕੀ ਹਾਲ ਏ ? ਮੈਂ ਉੱਡਦੀ ਉੱਡਦੀ ਸੁਣੀ ਏ ਕਿ ਤੇਰੀ ਦਰਾਣੀ ਦੇ ਮੁੰਡੇ ਰੇਸ਼ਮ ਦੀ ਰਾਏ ਸਿੱਖਾਂ ਦੇ ਡੇਰੇ ਬੜੀ ਮੁਰੰਮਤ ਹੋਈ।

ਮਾਂ : ਅੱਛਾ, ਮੈਂ ਤਾਂ ਕੋਈ ਨਹੀਂ ਸੁਣੀ।

ਹਰਪਾਲ : ਲੈ ਚਾਚਾ ਹੁਣ ਤਾਂ ਤੇਰੀਆਂ ਪੌ ਬਾਰ੍ਹਾਂ, ਮਾਂ ਨਾਲ ਉਹਦੀ ਸ਼ਰੀਕਨੀ ਦੀਆਂ ਗੱਲਾਂ ਵੀ ਕਰੀਂ ਤੇ ਚਾਹ ਵੀ ਰੱਜ ਕੇ ਪੀਵੀਂ। ਜੇ ਗੱਲ ਲੰਮੀ ਹੋ ਗਈ ਤਾਂ ਰੋਟੀ ਵੀ ਮਿਲ ਜਾਏਗੀ।

ਮਾਂ : ਵੇ ਤੂੰ ਝੇਡਾਂ ਕਰਦਾ ਏ, ਇਹ ਮੈਨੂੰ ਹੀ ਪਤਾ ਐ ਕਿ ਮੈਂ ਸ਼ਰੀਕਾਂ ਦੀ ਕਿੰਨੀ ਸਤਾਈ ਹੋਈ ਆਂ, ਤੇਰੇ ਚਾਚੇ ਨੇ ਇੰਦੌਰ 6 ਗੱਡੀਆਂ ਪਾ ਲਈਆਂ, ਇਥੇ ਉਹਦਾ ਸਾਰੇ ਵੱਡੇ-ਛੋਟਿਆਂ ਨਾਲ ਉਠਣਾ ਬੈਠਣਾ ਏ, ਜੇ ਕੁਝ ਫਰਕ ਜੋਗਾ ਹੁੰਦਾ ਤਾਂ ਤੈਨੂੰ ਨਾ ਕੋਈ ਨੌਕਰੀਮਿਲ ਜਾਂਦੀ... ਹਾਂ ਤੇ ਭਰਾਵਾ, ਰਾਏ ਸਿੰਘਾਂ ਦੇ ਡੇਰੇ ਕੀ ਗਲਹੋਈ ?

ਤਾਰਾ : ਗੱਲ ਕੀ ਹੋਣੀ ਸੀ... ਰੇਸ਼ਮ ਗਿਆ ਉਥੇ ਦਾਰੂ ਪਾਣੀ ਲੈਣ, ਉਥੇ ਉਨ੍ਹਾਂ ਦੀ ਕਿਸੇ ਕੁੜੀ ਨਾਲ ਛੇੜਖਾਨੀ ਕਰ ਬੈਠਾ। ਉਹ ਤੇ ਅੱਗੇ ਹੀ ਤਿਆਰ ਬੈਠੀਆਂ ਹੁੰਦੀਆਂ ਨੇ ਕਿ ਕੋਈ ਛੇੜੇ ਉਹ ਅਗੋਂ ਕੁਝ ਕਾਰਵਾਈ ਕਰਨ।

ਹਰਪਾਲ : ਚਾਚੇ ਨੂੰ ਇਹਦੇ ਬਾਰੇ ਪੂਰਾ ਤਜ਼ਰਬਾ ਏ।

ਤਾਰਾ : ਹੋਰ ਕੀ ? ਕਈ ਵਾਰੀ ਖਾਧੀਆਂ ਪੀਤੀਆਂ... ਹਾਂ ਇਹ ਤਾਂ ਸਰਮੁੱਖ ਨੇ ਦੇ ਦਿਵਾ ਕੇ ਉਨ੍ਹਾਂ ਨੂੰ ਠੰਡਾ ਕੀਤਾ, ਨਹੀਂ ਤਾਂ ਉਹ ਪੰਚੈਤ ਇਕੱਠੀ ਕਰਨ ਲਈ ਤਿਆਰ ਸਨ।

ਮਾਂ : ਹਾਂ ਭਾਈ ਗਰੀਬ ਦੀ ਇੱਜ਼ਤ ਵੀ ਕੁਝ ਹੁੰਦੀ ਏ। ਉਂਝ ਗੱਲ ਵਿਚੋਂ ਇਕ ਗੱਲ ਏ ਜੇ ਚੋਰੀ ਤੇ ਠੱਗੀ ਦਾ ਪੈਸਾ ਘਰ ਆਏ ਤਾਂ ਔਲਾਦ ਊਂ ਈ ਵਿਗੜ ਜਾਂਦੀ ਏ। ਹਾਂ ਪਾਲ ਤੂੰ ਬਲਿਆ ਕੋਈ ਕੰਮ ਲੱਭ ਲੈ ਮਾਸਟਰੀ ਨਹੀਂ ਲੱਭਦੀ ਤਾਂ ਹੋਰ ਕੋਈ ਕੰਮ ਕਰ ਲੈ ਤੇਰਾ ਬਾਪੂ ਬੜਾ ਉਖੜਿਆ ਹੋਇਐ।

ਤਾਰਾ : ਆਹੋ ਬਈ ਜਵਾਨਾਂ, ਮਾਂ ਤੇਰੀ ਠੀਕ ਆਖਦੀ ਏ, ਕੋਈ ਨੌਕਰੀ ਨਾਕਰੀ ਜ਼ਰੂਰ ਲੱਭ।

ਹਰਪਾਲ : ਚਾਚਾ ਨੌਕਰੀ ਕਿਤੇ ਬਹੀ ਪਈ ਐ। ਮੇਰੇ ਕੀ ਵੱਸ ਏ ?

ਤਾਰਾ : ਫੇਰ ਵਿਆਹ ਕਰ ਲੈ, ਕਹਿੰਦੇ ਨੇ ਨਾ ਨੌਕਰੀ ਨਾ ਸਹੀ ਸ਼ੋਕਰੀ ਸਹੀ।

ਹਰਪਾਲ : ਚਾਚਾ, ਕੰਮ ਬਿਨਾਂ ਵਿਆਹ ਕਿਸ ਕੰਮ ਦਾ। ਇਉਂ ਤਾਂ ਅਗਲੀ ਨਾਲੇ ਮੈਨੂੰ ਗਾਲ੍ਹਾਂ ਦਿਊ, ਨਾਲੇ ਫਸਾਉਣ ਵਾਲੇ ਨੂੰ।

ਤਾਰਾ : ਠੀਕ ਹੈ ਭਤੀਜੇ ਤੇਰੀ ਗੱਲ ਲੱਖ ਰੁਪਏ ਦੀ ਏ। ਐਵੇਂ ਨੀਂ ਲੋਕ ਪੜ੍ਹਾਈਆਂ ਨੂੰ ਰੋਂਦੇ, ਇਥੇ ਪਿੰਡ ਵੀ ਉਹ ਮੁੰਡੇ ਮੌਜੂਦ ਨੇ ਸਾਰਿਆਂ ਨੂੰ ਅਜੇ ਨੱਕ ਪੂੰਝਣ ਦਾ ਚੱਜ ਨਹੀਂ, ਹੁਣ ਆਖਣਗੇ ਪਹਿਲਾ ਸ਼ਗਨ ਸਾਡੀ ਝੋਲੀ ਪਾਓ, ਮਖਿਆ ਸਾਲਿਓ ਟੁੱਕ ਤਾਂ ਤੁਹਾਨੂੰ ਜੁੜਦਾ ਨਹੀਂ, ਬਿਗਾਨੀ ਧੀ ਇਥੇ ਲਿਆ ਕੇ ਭੁੱਖੀ ਮਾਰਨੀ ਐ... ਚੱਲ ਭਾਈ, ਇਹ ਤਾਂ ਫਾਲਤੂ ਦੀਆਂ ਗੱਲਾਂ ਨੇ, ਸੱਥ ਵਿਚ ਅਗਲੇ ਡੀਕਦੇ ਹੋਣੇ ਨੇ। ਖ਼ਬਰਾਂ ਤਾਂ ਅੱਜਕੱਲ੍ਹ ਬਾਬਿਆਂ ਦੀਆਂ ਵੀ ਨੀ ਮਾਣ।

ਮਾਂ : ਹੋਰ ਤਾਂ ਖ਼ਬਰਾਂ ਜਿਹੜੀਆਂ ਹੋਈਆਂ ਉਹ ਹੋਈਆਂ, ਭਾਈ ਜਿਹੜੇ ਆਪਣੇ ਸਿਘ ਬੇਦੋਸ਼ੇ ਨਿਰੰਕਾਰੀਆਂ ਅਤੇ ਹਿੰਦੂਆਂ ਦੀਆਂ ਹਤਿਆਵਾਂ ਕਰਦੇ ਨੇ ਇਹ ਕੋਈ ਚੰਗੀ ਗੱਲ ਨਹੀਂ, ਭਲਾ ਮਾਵਾਂ ਨੂੰ ਸਲ੍ਹ ਪੁਚਾ ਕੇ ਕਿਸੇ ਨੂੰ ਕੀ ਮਿਲਦਾ ਐ ?

ਤਾਰਾ : ਇਹੋ ਤਾਂ ਗੱਲ ਭਾਬੀ ਸਾਰਿਆ ਦੀ ਸਮਝ ਤੋਂ ਬਾਹਰ ਏ, ਚੱਲ ਪਾੜਿਆ ਤੂੰ ਵੀ ਆ ਜਾ, ਕੋਈ ਸਿਆਣੀ ਗੱਲ ਹੀ ਆਖੇਂਗਾ। ਨਾਲੇ ਘਰ ਬੈਠਿਆਂ ਨੂੰ ਕਿਹੜਾ ਨੌਕਰੀ ਤਰੀ ਝੋਲੀ ਪੈ ਜਾਣੀ ਏ।

ਹਰਪਾਲ : ਚੱਲ ਚਾਚਾ ਠੀਕ ਆਖਦਾ ਏਂ, ਇਥੇ ਕਿਹੜਾ ਮੈਂ ਕੋਈ ਖੋਹਣ ਪਿਆ ਖੋਹਦਾਂ ਹਾਂ ਤੇ ਮਾਂ ਮੈਨੂੰ ਉਡੀਕਿਓ ਨਾ, ਮੈਂ ਰਾਤ ਦੇਰ ਨਾਲ

ਆਵਾਂਗਾ।

*(ਦੋਨੋਂ ਜਾਂਦੇ ਹਨ।)*

ਮਾਂ : (ਆਪਣੇ ਆਪ ਨੂੰ) ਐਨਾ ਪੜ੍ਹ ਲਿਖ ਕੇ ਵਿਹਲਾ ਤੁਰਿਆ ਫਿਰਦਾ ਏ, ਸਰਕਾਰਾਂ ਵੀ ਔਤਰੇਂ ਦੀਆਂ ਬਦਲੇ ਲੈਂਦੀਆਂ, ਜੇ ਨਹੀਂ ਕੰਮ ਦੇ ਸਕਦੇ ਐਨੇ ਸਕਲ ਕਾਲਜ ਕਾਹਤੋਂ ਖੋਹਲੀ ਜਾਂਦੇ ਓ, ਦਫਾ ਹੋਣਿਓ, ਫੇਰ ਆਖਦੇ ਹੋ ਮੁੰਡੇ ਗੁੰਮਰਾਹ ਹੋ ਗਏ ਨੇ।

*(ਬਾਪੂ ਗੁਰਬਖਸ਼ ਸਿੰਘ ਆਉਂਦਾ ਹੈ। ਥੱਕਿਆਂ-ਥੱਕਿਆਂ ਵਾਂਗ ਆ ਕੇ ਬੈਠਦਾ ਹੈ।)*

ਮਾਂ : ਫੇਰ ਮਿਲਿਆ ਕੋਈ ?

ਬਾਪੂ : ਸਾਰੇ ਮਿਲ ਗਏ ਪਰ ਭੈਣ ਦੇਣੇ ਪਾਲ ਦੀ ਨੌਕਰੀ ਲਈ ਕੋਈ ਹਾਮੀ ਨਹੀਂ ਭਰਦਾ... ਅਖੇ ਖ਼ਾਲਸਾ ਸਕੂਲ ਮਾਸਟਰੀ ਮਿਲ ਸਕਦੀ ਏ ਜੇ ਪਹਿਲੇ 20 ਹਜ਼ਾਰ ਦੇਵੋ, ਸਕੂਲ ਦੀ ਬਿਲਡਿੰਗ ਲਈ ਦਾਨ, ਜਿਵੇਂ 20 ਹਜ਼ਾਰ ਦਰਖਤਾਂ ਨੂੰ ਲਗਦੈ। ਉਂਝ ਉਹਨੂੰ ਪੁੱਛਿਆ ਰਾਤੀਂ ਕਿਥੇ ਗਾਇਬ ਰਹਿੰਦਾ ਏ।

ਮਾਂ : ਕਹਿੰਦਾ ਏ ਮੁੰਡੇ ਰੱਲ ਕੇ ਕੋਈ ਕੰਮ ਬਾਰੇ ਸੋਚਦੇ ਐ।

ਬਾਪੂ : ਸੋਚਦੇ ਐ ਮਾਂ ਦਾ... ਮੇਰੇ ਮੂੰਹੋ ਕੁਝ ਹੋਰ ਹੀ ਨਿਕਲ ਚੱਲਿਆ ਸੀ, ਤੈਨੂੰ ਉਹ ਕਿਥੇ ਸੱਚ ਦੱਸੇਗਾ, ਉਹ ਪਤਾ ਕਰਦਾ ਕੀ ਫਿਰਦਾ ਐ, ਇਹ ਤੇਰਾ ਲਾਡਲਾ ਛਿੰਦਾ ਪੁੱਤ। ਨਕਸਲੀਆਂ 'ਚ ਪੈਰ ਧਰਦਾ ਐ, ਮੈਂ ਤਾਂ ਅਗਲੇ ਦੀ ਤੌਰ ਤੋਂ ਪਛਾਣ ਗਿਆ... ਜਿਹੋ ਜਿਹਾ ਇਹ ਵੇ ਇਹਨੇ ਪੁਲਿਸ ਦੇ ਦੋ ਡੰਡੇ ਨੀ ਚਿੱਤੜਾਂ 'ਤੇ ਝੱਲਣੇ।

ਮਾਂ : ਤੈਨੂੰ ਤਾਂ ਪਾਲ ਦੇ ਬਾਪੂ ਐਵੇਂ ਸ਼ੱਕ ਰਹਿੰਦਾ ਏ, ਐਹੋ ਜਿਹਾ ਕਿਥੇ ਉਹ।

ਬਾਪੂ : ਤੈਨੂੰ ਬੜਾ ਪਤੈ, ਬੰਗਾਲ 'ਚ ਉਹ ਮੌਰ ਭੰਨੇ ਸਰਕਾਰ ਨੇ, ਪੇਸ਼ਾਬ ਕੱਢਤਾ, ਇਹ ਹਰਨੀ ਚਿਹਰੇ ਕਿਦੀ ਮਾਰ ਨੇ।

ਮਾਂ : ਇਸੇ ਲਈ ਕਹਿੰਦੀ ਆਂ ਕਿ ਯਤਨ ਕਰਕੇ ਕੋਈ ਕੰਮ ਧੰਦਾ ਉਹਦੇ ਲਈ ਲੱਭੋ, ਇਉਂ ਵਿਹਲਾ ਫਿਰਦਾ ਤਾਂ ਉਹ ਵਿਗੜੂਗਾ ਹੀ।

ਬਾਪੂ : ਕੰਮ ਧੰਦਾ ਮੈਂ ਭਾਲ ਕੇ ਦੇਵਾਂ, ਜੇ ਮੈਂ ਵੀ ਭਾਲ ਕੇ ਦੇਣਾ ਏ ਤਾਂ ਨੌਕਰੀ ਵੀ ਇਹਦੀ ਥਾ ਮੈਂ ਹੀ ਕਰ ਲਿਆ ਕਰੂੰ। ਕੱਲ੍ਹ ਨੂੰ ਵਿਆਹ ਹੋਵੇਗਾ, ਜਵਾਕ ਜਵਾਕੜੀਆਂ ਹੋਣਗੀਆਂ, ਉਨ੍ਹਾਂ ਨੂੰ ਮੈਂ ਕਮਾ ਕੇ ਖਵਾਊਂ। ਕੱਲ੍ਹ ਉਹ ਪਾਲ ਦਾ ਬਾਬਾ, ਜਿਹਨੂੰ ਆਏ ਨੂੰ ਏਨੇਂ ਚਾਅ ਨਾਲ ਚਾਹ ਪਿਆਉਂਦੀ ਏਂ।

ਮਾਂ : ਨਾ ਹੁਣ ਆਏ-ਗਏ ਨੂੰ ਚਾਹ ਵੀ ਨਾ ਪੁੱਛਾਂ ?

ਬਾਪੂ : ਕੱਲ੍ਹ ਸਾਲਾ ਇਨਕਲਾਬੀ ਬੈਠਾ ਚਾਹ ਪੀ ਜਾਵੇ ਅਤੇ ਪਾਲ ਦੀ ਨੌਕਰੀ ਬਾਰੇ ਗੱਲ ਕਰ ਬੈਠਾ, ਅਗੋਂ ਮੈਨੂੰ ਲੈਕਚਰ... ਨੌਕਰੀਆਂ ਦਾ ਅੱਜ ਕੱਲ੍ਹ ਬਾਪੂ ਜੀ ਕਾਲ ਪਿਆ ਹੋਇਐ, ਵਿਹਲਾ ਫਿਰਨ ਨੂੰ ਇਹਦਾ ਕਿਹੜਾ ਜੀਅ ਕਰਦਾ ਐ, ਫੇਰ ਮੈਨੂੰ ਸਰਕਾਰਾਂ ਬਾਰੇ ਦੱਸਣ ਲੱਗਾ, ਅਸੀਂ ਵੀ ਸਰਕਾਰਾਂ ਵਿਚ ਬੜੀ ਢੂਈ ਕੁਟਾਈ ਏ, ਸਾਲੇ ਸਰਕਾਰਾਂ ਦੇ, ਫੇਰ ਤੂੰ ਪਿਛੋਂ 'ਵਾਜ ਦਿੱਤੀ, ਮੈਂ ਕਹਿ ਬੈਠਾ ਚੱਲ ਜਾਣਦੇ ਪਿਛੋਂ 'ਵਾਜ ਮਾਰਨੀ ਚੰਗੀ ਨਹੀਂ ਹੁੰਦੀ। ਆਖਣ ਲੱਗਾ ਅਸੀਂ ਨਹੀਂ ਮੰਨਦੇ ਬਾਪੂ ਜੀ ਇਹੋ ਜਿਹੇ ਵਹਿਮਾਂ-ਭਰਮਾਂ ਨੂੰ... ਸਾਲਿਓ ਤਾਹੀਓ ਕਾਰਖਾਨੇ ਉਸਾਰੇ ਜਾਂਦੇ ਹੋ, ਮੈਂ ਨਹੀਂ ਜਾਣਦਾ ਇਹ ਜਮਰੌਦ ਦਾ ਕਿਲ੍ਹਾ ਸਰ ਕਰ ਲੈਣਗੇ। ਮੈਨੂੰ ਲੈਕਚਰ ਦੇਂਦਾ, ਮੈਨੂੰ ਪਤਾ ਨੀ ਕੀਹਦਾ ਮੂੰਹ ਮਾਰ ਗਿਆ, ਮੈਂ ਏਸ ਬੌਣੇ ਜੇ ਦੀ ਚੰਗੀ ਜਿੰਦੀ ਪਤਲੀ ਕਰਨੀ ਸੀ, ਸਾਲਾ ਚੱਠੂ ਜਿਹਾ ਮੈਨੂੰ ਮੱਤਾਂ ਦੇਵੇ। ਹੁਣ ਆਉਣ ਦੇ ਰਾਸ਼ਨ ਪਾਣੀ ਲੈ ਕੇ ਚੜ੍ਹੂੰ, ਨਾਲੇ ਆਪਣੇ ਛਿੰਦੇ ਨੂੰ ਕਹਿ ਦੇਵੇਂ, ਸਾਲਾ ਮਿਰਚੂ ਜਿਹਾ, ਚੁੱਪ ਕਰਕੇ ਪੱਗ ਜੀ ਬੰਨ੍ਹ ਕੇ ਤੁਰ ਜਾਂਦਾ ਐ। ਲੈ ਆਉਣਗੇ ਇਹ ਮਾਂ ਵਾਲਾ ਇਨਕਲਾਬ, ਅਜੇ ਛਿਤਰੌਲ ਨਹੀਂ ਹੋਈ ਹੋਣੀ, ਜਿਵੇਂ ਜੂਤ ਖੜਕਿਆ, ਆਪਣੇ ਵਾਲੇ ਦੀ ਮੋਕ ਐਥੇ ਤੱਕ ਆਊ।

ਮਾਂ : ਅੱਛਾ ਅੰਦਰ ਆ ਕੇ ਰੋਟੀ ਖਾ ਲੈ, ਇਹ ਸਿੜੀ ਸਿਆਪਾ ਤੇ ਕਦੇ ਮੁੱਕਣਾ ਨਹੀਂ।

ਬਾਪੂ : ਮੁੱਕ ਜਾਊ, ਜਦੋਂ ਉਸ ਸਰਪੰਚ ਸਾਲੇ ਦਾ ਮੁੱਕੇਗਾ... ਜਦੋਂ ਕੋਈ ਕੰਮ ਨਿਕਲੋ, ਆਪਣੀ ਮਨਹੂਸ ਸ਼ਕਲ ਲੈ ਕੇ ਜ਼ਰੂਰ ਟੱਕਰ ਜਾਊ। ਅੱਜ ਵੀ ਬੱਸ 'ਚ ਬੈਠਾ ਸੀ, ਮੈਨੂੰ ਤਾਂ ਉਦੋਂ ਹੀ ਖੁਟਕ ਗਈ ਕਿ ਪਾਲ ਦਾ ਕੰਮ ਨਹੀਂ ਬਣਨਾ। ਅਗਲਿਆਂ ਜਾਂਦਿਆਂ ਵੀਹ ਹਜ਼ਾਰ ਮੰਗ ਲਿਆ, ਦਿੰਦਾ ਸਾਲਿਓ ਤੁਹਾਨੂੰ ਵੀਹ ਹਜ਼ਾਰ।

*(ਬੁੜ-ਬੁੜ ਕਰਦਾ ਬਾਹਰ ਜਾਂਦਾ ਹੈ।)*

ਪਾਲ : ਤੇ ਇਸ ਤਰ੍ਹਾਂ, ਹੋਰ ਕੁਝ ਸਾਲ ਬੀਤ ਗਏ। ਚੱਲ ਰਹੇ ਵਰਤਾਰੇ ਵਿਚ ਕੋਈ ਫਰਕ ਨਾ ਪਿਆ। ਬਾਪੂ ਤੇ ਸਰਪੰਚ ਦੀ ਖਹਿਬੜਬਾਜ਼ੀ ਉਸੇ ਤਰ੍ਹਾਂ ਚਲਦੀ ਪਈ ਸੀ। ਅਚਾਨਕ ਸਰਪੰਚ ਦਾ ਮੁੰਡਾ ਕਿਸੇ ਅਣਪਛਾਤੀ ਬਿਮਾਰੀ ਕਰਕੇ ਦਿਨਾਂ ਵਿਚ ਹੀ ਬੀਤ ਗਿਆ। ਸਾਰਾ ਪਿੰਡ ਉਹਦੇ ਦੁੱਖ ਵਿਚ ਸ਼ਾਮਲ ਹੋਇਆ। ਬਾਪੂ ਵੀ ਗਿਆ। ਪੂਰਾ ਇਕ ਘੰਟਾ ਬੈਠਾ ਰਿਹਾ। ਵੇਖਣ ਵਾਲਿਆਂ ਵੇਖਿਆ ਕਿ ਉਹਨੇ ਕਿੰਨੀ ਵਾਰ ਅੱਖਾਂ 'ਚ ਆਏ ਆਪਣੇ ਅੱਥਰੂਆਂ ਨੂੰ ਰੁਮਾਲ ਨਾਲ

ਸਾਫ਼ ਕੀਤਾ। ਇਹੋ ਜਿਹੀ ਦੁਸ਼ਮਣੀ ਸੀ ਦੋਨਾਂ ਵਿਚ ਜੋ ਚਾਚੇ ਤਾਰੇ ਦੇ ਕਹਿਣ ਅਨੁਸਾਰ ਸ਼ੁਗਲ ਦੇ ਸਿਵਾ ਕੁਝ ਨਹੀਂ ਸੀ। ਇਕ ਹੋਰ ਘਟਨਾ ਜੋ ਸਾਡੇ ਟੱਬਰ ਵਿਚ ਵਾਪਰੀ, ਉਹ ਚਾਚਾ ਜਗਦੇਵ ਸਿੰਘ ਦੀ ਇੰਦੌਰ ਵਿਚ ਧੜੇਬਾਜ਼ੀ ਦੀ ਲੜਾਈ ਵਿਚ ਮਾਰੇ ਜਾਣ ਦੀ ਸੀ। ਮਾਂ ਨੇ ਆਪਣੀ ਦਰਾਣੀ ਦੇ ਗਲ ਲਗ ਕੇ ਜੋ ਅਸਮਾਨ ਗੂੰਜਾਊ ਵੈਣ ਪਾਏ, ਉਨ੍ਹਾਂ ਵਿਚ ਉਹ ਸ਼ਰੀਕਨੀਆਂ ਨਾਲੋਂ ਭੈਣਾਂ ਵੱਧ ਸਾਬਤ ਹੋਈਆਂ। ਜ਼ਿੰਦਗੀ ਵਿਚ ਜਦੋਂ ਖਲਾਅ ਹੋਏ ਤਾਂ ਬਹੁਤ ਸਾਰੇ ਵਰਤਾਰਾ ਜ਼ਾਹਰਾ ਤੌਰ ’ਤੇ ਅਣ-ਮਨੁੱਖੀ ਹੋ ਜਾਂਦਾ ਹੈ ਪਰ ਮੌਕਾ ਮਿਲਣ ’ਤੇ ਉਹ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਵੱਲ ਵਾਪਸ ਆਉਂਦਾ ਹੈ। ਸੱਥਾਂ ਵਿਚ ਹੁਣ ਬਹੁਤੀਆਂ ਗੱਲਾਂ ਬਾਬਿਆਂ ਦੀਆਂ ਹੁੰਦੀਆਂ। ਅਖ਼ਬਾਰਾਂ ਵਿਚ ਸ਼ਹੀਦਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਦੀ ਯਾਦ ਵਿਚ ਹੋ ਰਹੇ ਸ਼ਹੀਦੀ ਸਮਾਗਮਾਂ ਦੀਆਂ ਖ਼ਬਰਾਂ ਹੁੰਦੀਆਂ, ਜੋ ਬਹੁਤਿਆਂ ਨੂੰ ਇਸ ਰਾਹ ’ਤੇ ਤੁਰਨ ਲਈ ਪ੍ਰੇਰਦੀਆਂ। ਬੰਦੇ ਦੀ ਜ਼ਿੰਦਗੀ ਵਿਚ ਕੁਝ ਤਾਂ ਹਿਲਜੁਲ ਹੋਣੀ ਚਾਹੀਦੀ ਏ। ਸਾਡੇ ਪਿੰਡ ਵਿਚ ਵੀ ਇਕ ਸਮਾਗਮ ਹੋਇਆ, ਜਿਸ ਵਿਚ ਬਰਾੜਾਂ ਦੇ ਬੰਤੇ ਨੂੰ, ਉਰਫ਼ ਭਾਈ ਬੰਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ, ਜਿਸ ਬਾਰੇ ਚਾਚੇ ਤਾਰੇ ਦੀ ਕੁਝ ਚਿਰ ਪਹਿਲਾਂ ਇਹ ਰਾਏ ਸੀ ਕਿ ਉਹਦੇ ਕੋਲ ਤਾਸ਼ ਖੇਡਨ ਤੋਂ ਸਿਵਾ ਹੋਰ ਕੋਈ ਕੰਮ ਨਹੀਂ। ਹੁਣ ਬਾਈ ਅਮੋਲਕ ਨਾਲ ਮੇਰਾ ਬਹੁਤ ਸਬੰਧ ਨਹੀਂ, ਸ਼ਾਇਦ ਉਹਦਾ ਵਿਚਾਰ ਬਣ ਗਿਆ ਹੋਵੇ ਕਿ ਮੈਂ ਵੀ ਬਾਬਿਆਂ ਨਾਲ ਜਾ ਰਲਿਆ ਹਾਂ ਕਿਉਂਕਿ ਭਾਈ ਬੰਤ ਸਿੰਘ ਦੇ ਸ਼ਰਧਾਂਜਲੀ ਸਮਾਗਮ ਵਿਚ ਮੈਂ ਹਾਜ਼ਰ ਸਾਂ ਤੇ ਆਪਣੇ ਬਚਪਨ ਦੇ ਹਾਣੀ ਨੂੰ ਮੈਂ ਸ਼ਰਧਾਂਜਲੀ ਵੀ ਦਿੱਤੀ ਸੀ ਕਿਉਂਕਿ ਸਭ ਕੁਝ ਸਾਂਝਾ ਨਾ ਹੋਣ ’ਤੇ ਵੀ ਸਾਡੇ ਵਿਚ ਬਹੁਤ ਕੁਝ ਸਾਂਝਾ ਸੀ। ਜ਼ਾਲਮ ਵਰਤਾਰੇ ਦੇ ਜੰਗਲ ਵਿਚ ਗੁੰਮ ਹੋਏ ਵਿਅਕਤੀ ਜੋ ਆਪਣੀ ਹੋਂਦ ਦੀ ਤਲਾਸ਼ ਵਿਚ ਨੇ ਤਾਂ ਜੋ ਆਪਣੀ ਪਹਿਚਾਣ ਕਿਸੇ ਨੂੰ ਦੱਸ ਸਕਣ।, ਇਸ ਵਰਤਾਰੇ ਦੇ ਜ਼ੁਲਮ ਦੀ ਸ਼ਿੱਦਤ ਉਸ ਵੇਲੇ ਹੋਰ ਵੀ ਮਹਿਸੂਸ ਹੋਈ ਜਦੋਂ ਰਾਣੋਂ ਆਪਣੇ ਚਾਚੇ ਦੀ, ਚਾਚੇ ਜਗਦੇਵ ਸਿੰਘ ਦੀ ਮੌਤ ਤੋਂ ਬਾਅਦ ਆਪਣੀ ਸਹੁਰੀ ਹਰਜੱਪ ਦੇ ਦੁੱਖ ਵਿਚ ਸ਼ਾਮਲ ਹੋਣ ਆਈ, ਸਾਡੇ ਵਿਹੜੇ ਵੀ ਆਈ। ਬੜੇ ਸਾਲ ਪਹਿਲਾਂ ਵਾਲਾ ਵਾਤਾਵਰਨ, ਜਦੋਂ ਰਾਣੋ ਘਰ ਦੇ ਜੀਆਂ ਵਾਂਗ ਹੀ ਵਿਹੜੇ ਵਿਚ ਵਿਚਰਦੀ ਸੀ।

*(ਬਾਪੂ, ਚਾਚਾ ਤਾਰਾ, ਮਾਂ, ਰਾਣੋ ਤੇ ਹਰਪਾਲ ਗੱਲਾਂ ਕਰ ਰਹੇ ਹਨ।)*

ਬਾਪੂ : ਲੈ ਰਾਣੋ, ਤੇਰੀ ਸਹੇਲੀ ਨਾਲ ਤਾਂ ਡਾਹਢੀ ਹੋਈ, ਹੁਣ ਤਾਂ ਘਰ ਦੀ ਸਾਰੀ ਜ਼ਿੰਮੇਵਾਰੀ ਤੇਰੀ ਸਹੇਲੀ 'ਤੇ ਆ ਪਈ।

ਰਾਣੋ : ਮਾਸੜ ਜੀ, ਮੇਰੇ ਕੋਲੋਂ ਉਹਦਾ ਦੁੱਖ ਵੇਖਿਆ ਨਹੀਂ ਜਾਂਦਾ। ਧੀਆਂ ਦੇ ਸਿਰ 'ਤੇ ਬਾਬਲ ਦਾ ਹੱਥ ਹੋਏ ਤਾਂ ਕਿੰਨਾ ਸਹਾਰਾ ਹੁੰਦਾ ਏ।

ਤਾਰਾ : ਤੇ ਇਹਦਾ ਜਿੰਨਾ ਰਾਣੋ ਨੂੰ ਪਤਾ ਏ, ਕਿਸ ਨੂੰ ਹੋਣਾ ਏ। ਉਹਦੇ ਵਿਆਹ 'ਤੇ ਇਹਦੇ ਲਾੜੇ ਦੀ ਚੋਣ ਬਾਰੇ ਪਿੰਡ ਦਾ ਕੋਈ ਬੰਦਾ ਖੁਸ਼ ਨਹੀਂ ਸੀ।

ਰਾਣੋ : ਪਰ ਚਾਚਾ ਪਿੰਡ ਵਾਲਿਆਂ ਕੀਤਾ ਤਾਂ ਕੁਝ ਨਾ।

ਤਾਰਾ : ਬਗਾਨੀ ਗੱਲ 'ਚ ਕਿਸੇ ਨੇ ਦਖ਼ਲ ਦੇ ਕੇ ਲੜਾਈ ਹੀ ਪੁਆਣੀ ਸੀ। ਤੇਰਾ ਭਰਾ ਕਿਸੇ ਦੀ ਸੁਣਦਾ ਨਹੀਂ ਸੀ ਤੈ ਭਾਬੀ ਤੇਰੀ ਊਈਂ ਬੜੀ ਡਾਹਢੀ ਏ। ਮਾਂ ਤੇਰੀ ਵੀ ਉਹਦੇ ਤੋਂ ਥਰ-ਥਰ ਕੰਬਦੀ ਏ।

ਮਾਂ : ਲੈ ਕਦੇ ਅਸੀਂ ਵੀ ਨੂੰਹਾਂ ਹੁੰਦੀਆਂ ਸਾਂ ਮਜਾਲ ਏ ਕਦੀ ਮੂੰਹੋ ਕੂ ਜਾਈਏ। ਸਾਰੇ ਟੱਬਰ ਦੀ ਜ਼ਿੰਮੇਵਾਰੀ ਨਿਭਾਂਈ। ਸਰੀਰ ਦਾ ਪਾਣੀ ਬਣਾਇਆ ਪਰ ਮਜਾਲ ਏ ਕਿਸੇ ਨੇ ਸ਼ਾਬਾਸ਼ੇ ਕਹੀ ਹੋਵੇ। ਹਰ ਵੇਲੇ ਬਸ ਸੱਸ ਦੀਆਂ ਘੂਰੀਆਂ ਹੀ ਸਹੀਆਂ।

ਬਾਪੂ : ਨਾ ਗੱਲ ਕੋਈ ਹੋਰ ਹੁੰਦੀ ਏ, ਤੂੰ ਆਪਣਾ ਟਿੰਡ ਵਿਚ ਕਾਨਾ ਪਾ ਦਿੱਤਾ।

ਮਾਂ : ਮੈਂ ਕਾਹਦਾ ਕਾਨਾ ਪਾ ਦਿੱਤਾ, ਮਾਂ ਦੀ ਗੱਲ ਸੁਣ ਕੇ ਕਿਵੇਂ ਬੁੜਕ ਪਿਆ।

ਬਾਪੂ : ਆਹੋ ਬੁੜਕ ਪਿਆ, ਜਿਵੇਂ ਮੈਨੂੰ ਤੇਰਾ ਡਰ ਪਿਆ ਏ।

ਮਾਂ : ਲੈ ਇਸ ਵਿਚ ਸ਼ੱਕ ਕੀ ਏ, ਮਾਂ ਤੇਰੀ ਨੇ ਜੀਂਦੇ ਜੀ ਕਦੇ ਮੇਰੀ ਕਦਰ ਨਹੀਂ ਜਾਣੀ। ਦਿਓਰਾਂ, ਨਨਾਣਾਂ ਦੀਆਂ ਵੀ ਬਥੇਰੀਆਂ, ਐਹੋ ਝੱਲੀਆਂ।(ਉਹਦੇ ਵੱਲ ਵੇਖ ਕੇ) ਭੈਣ ਤੇਰੀ ਨੂੰ ਹਾਲੇ ਵੀ ਕਿਸੇ ਗੱਲ ਦਾ ਚੱਜ ਨਹੀਂ।

ਬਾਪੂ : ਆ ਜਾਏ ਤਾਂ ਕੋਲ ਢੁਕ ਢੁਕ ਬਹਿੰਨੀ ਏ। ਜੋ ਜਹਾਨ ਦੀ ਮੇਰੀ ਸ਼ਿਕਾਇਤ ਕਰਦੀ ਏ, ਅਖੇ ਭਰਾ ਤੇਰੇ ਨੇ ਮੈਨੂੰ ਕੱਖੋਂ ਹੋਲਾ ਕਰਤਾ।

ਹਰਪਾਲ : ਲੈ ਚਾਚਾ ਮਾਂ-ਬਾਪੂ ਦਾ ਮਹਾਂਭਾਰਤ ਛਿੜ ਗਿਆ।

ਤਾਰਾ : ਉਏ ਮੁੰਡਿਆ ਇਹ ਮਹਾਂਭਾਰਤ ਹੀ ਤਾਂ ਸਾਡੀ ਜ਼ਿੰਦਗੀ ਏ। ਹੋਰ ਇਥੇ ਵੜੇਵਾਂ ਪਿਆ ਏ। (ਬਾਪੂ ਵੱਲ) ਹਾਂ ਬਈ ਸਰਪੰਚ ਵਿਚਾਰਾ

ਤਾਂ ਹੁਣ ਰਹਿ ਗਿਆ ਏ।

ਬਾਪੂ : ਤਾਰਿਆ ਉਹਦੇ ਪੁੱਤ ਦੇ ਸੋਗ 'ਚ ਜੰਗਬੰਦੀ ਕੀਤੀ ਹੋਈ ਏ, ਜਿਹਨੂੰ ਕਹਿੰਦੇ ਨੇ ਸੀਜ਼ ਫਾਇਰ।

ਹਰਪਾਲ : ਹਾਲੇ ਦੋਵੇਂ ਧਿਰਾਂ ਆਪਣੀ-ਆਪਣੀ ਥਾਂ ਅਸਲਾ ਜਮ੍ਹਾਂ ਕਰ ਰਹੀਆਂ ਨੇ, ਹਾਂ ਤੇ ਰਾਣੋ ਤੇਰੇ ਸਿੰਘ ਸਾਹਿਬ ਦਾ ਕੀ ਹਾਲ ਐ ?

ਰਾਣੋ : ਹਾਲ ਏ ਸੱਤਾਂ ਚੁੱਲਿਆਂ ਦੀ ਸਵਾਹ।

ਤਾਰਾ : ਸੱਤਾਂ ਚੁੱਲਿਆਂ ਦੀ ਸੁਆ ?

ਮਾਂ : ਇਹ ਕੁੜੀਏ ਕੀ ਕਹਿੰਦੀ ਏਂ ?

ਰਾਣੋ : ਤੇ ਮਾਸੀ ਉਹ ਵੀ ਕੋਈ ਬੰਦਾ ਹੁੰਦੈ ? ਜੀਹਨੇ ਕਦੇ ਬਹਿ ਕੇ ਚੱਜ ਦੀ ਗੱਲ ਨੀ ਕਰਨੀ, ਗੁੰਨ-ਮੁੰਨ ਬਣ ਕੇ ਆਊ, ਮੁਕੜੀ ਮਾਰ ਕੇ ਪੈਜੂ, ਬੰਦਾ ਬਣਨ ਪਿਆ ਸੀ ?

ਮਾਂ : ਕੁੜੇ ਐਂ ਕਿਉਂ ਬੁੱਲ ਕੱਢਦੀ ਐਂ, ਚੰਗਾ ਭਲਾ ਮੁੰਡਾ ਐ, ਨੌਕਰੀ 'ਤੇ ਲੱਗਾ ਹੋਇਆ।

ਬਾਪੂ : ਬਸ ਤੈਨੂੰ ਤਾਂ ਨੌਕਰੀ ਵਾਲੀ ਗੱਲ ਦਾ ਹੀ ਏ, ਬੰਦਾ ਭਾਵੇਂ ਮਾੜਾ ਹੋਵੇ।

ਰਾਣੋ : ਮਾਸੀ, ਉਹਦੀ ਨੌਕਰੀ ਦਾ ਮੈਨੂੰ ਕੀ ਹੇਜ਼ ਐ ? ਪੈਸੇ ਤਾਂ ਸਾਰੇ ਲਿਆ ਕੇ ਮਾਂ ਦੇ ਬੋਝੇ 'ਚ ਪਾ ਦਿਦਾਂ ਏ।... ਉਹ ਐਹੋ ਜਿਹੀ ਕੁਲਤਾਰਕ ਐ ਜਦੋਂ ਪੈਸੇ ਲਿਆ ਕੇ ਫੜਾਊ, ਫੇਰ ਬਿੱਲੀ ਵਾਂਗਰ ਮੂਹਰੇ ਪੂਛ ਮਾਰਦੀ ਫਿਰੂ।

ਬਾਪੂ : ਇਹ ਦੱਸ ਤੇਰੇ ਨਾਲ ਚੰਗੀ ਆ, ਕਹਿੰਦੀ ਤਾਂ ਕੁਝ ਨ੍ਹੀਂ ?

ਰਾਣੋ : ਨਾ ਮਾਸੜ ਜੀ, ਬਾਹਲੀ ਚੰਦਰੀ ਐ, ਭੋਰਾ ਕੁ ਮੱਖਣੀ ਵੀ ਸੰਦੂਖ 'ਚ ਰਖਦੀ ਐ, ਅਖੇ ਮੇਰਾ ਪੁੱਤਰ ਖਾਏਗਾ, ਜਿਵੇਂ ਨੂੰਹ ਖਾ ਗਈ ਤਾਂ ਉਹਨੂੰ ਜਲਾਬ ਲਗਜੂ।

ਮਾਂ : ਕੁੜੇ ਸਾਰੀਆਂ ਸੱਸਾਂ ਹੀ ਇਉਂ ਸੋਚਦੀਆਂ ਨੇ... ਸਾਡੇ ਵਾਰੀ ਕੋਈ ਘੱਟ ਨਹੀਂ ਸੀ।

ਰਾਣੋ : ਪਰ ਮਾਸੀ ਉਹ ਤਾਂ ਪਿਛਲੇ ਜਨਮ ਦੀ ਬਘਿਆੜੀ ਸੀ ਐਨੀਆਂ ਜਿੱਦਾਂ ਕਰਦੀ ਐ। ਆਪਾਂ ਵੀ ਅਗੋਂ ਢਿੱਲੇ ਨ੍ਹੀਂ, ਫੇਰ ਮੈਥੋਂ ਵੀ ਤੇਰਵੀਆਂ ਲੈਂਦੀ ਐ।

ਤਾਰਾ : (ਗੱਲ ਵਿਚ ਸੁਆਦ ਲੈਂਦਾ ਹੋਇਆ) ਫੇਰ ਤਾਂ ਥੋੜੇ ਘਰ ਲੜਾਈ ਪੈਂਦੀ ਹੋਊ।

ਰਾਣੋ : ਜਦੋਂ ਸਾਰਾ ਦਿਨ ਬੰਦੇ ਨੇ ਗਧੇ ਵਾਂਗੂੰ ਕੰਮ ਹੀ ਕਰੀ ਜਾਣਾ ਏ ! ਅਗਲਾ ਲੋਹੇ ਦਾ ਤਾਂ ਨ੍ਹੀਂ ਬਣਿਆ।

ਮਾਂ : ਇਹ ਗੱਲ ਤਾਂ ਧੀਏ ਕੋਈ-ਕੋਈ ਹੀ ਸਮਝਦਾ ਏ।

ਰਾਣੋ : ਇਕ ਦਿਨ ਪਤਾ ਕੀ ਹੋਇਆ, ਖਣੀ ਕੀ ਗੱਲ ਸੀ, ਮੇਰੇ ਚੁੱਲ੍ਹੇ ਮੂਹਰੇ ਬੈਠੀ ਏ, ਧੱਫਾ ਮਾਰਨ ਆਈ, ਮੈਂ ਵੀ ਮੂਹਰਿਓਂ ਚਿਮਟਾ ਚੁੱਕ ਲਿਆ। ਦੇਖ ਲੈ ਫੇਰ ਸਾਰਾ ਦਿਨ ਮਾਸੀ, ਕੁੱਤੀ ਨੇ ਜ਼ਹਿਬਰਾ ਪਾਈ ਰੱਖਿਆ।

ਤਾਰਾ : ਕੀ ਆਖੇ ?

ਰਾਣੋ : ਗਾਲ੍ਹਾਂ ਕੱਢੇ, ਕਦੀ ਦਰਵਾਜੇ ਦੇ ਅੰਦਰ ਜਾਏ, ਕਦੇ ਦਰਵਾਜੇ ਦੇ ਬਾਹਰ ਆਏ, ਮੈਨੂੰ ਵੇਖ-ਵੇਖ ਸੁਆਦ ਆਏ।

ਤਾਰਾ : ਮੈਂ ਤਾਂ ਸੁਣ-ਸੁਣ ਕੇ ਸੁਆਦ ਆਈ ਜਾਂਦਾ ਏ।

ਰਾਣੋ : ਬੁੜਾ ਖੇਤੋਂ ਆਇਆ, ਉਹਦੇ ਕੋਲ ਲੱਗੀ ਤਾਤੇ-ਬਾਤੇ ਕਰਨ। ਉਹਨੂੰ ਉਹਦੇ ਸੁਭਾਅ ਦਾ ਪਤਾ ਐ ਤੇ ਉਹ ਮੈਨੂੰ ਈ ਕਹਿ ਦੇਂਦਾ ਹੁੰਦਾ ਏ, "ਪੁੱਤ ਮੈਂ ਇਹਦੇ ਨਾਲ ਸਾਰੀ ਉਮਰ ਕੱਟੀ ਐ, ਇਹ ਤਾਂ ਮੁੱਢੋਂ ਹੀ ਅੜਬ ਏ।"

ਬਾਪੂ : ਹਾਹੋ ਹੋਰ ਭਲਾ ਕੀ ਆਖੇ, ਅੜਬ ਤੀਵੀ ਕਿਸੇ ਭਲੇ ਮਾਨਸ ਦੀ ਪੇਸ਼ ਜਾਣ ਦੇਂਦੀ ਏ।

*(ਮਾਂ ਉਹਦੇ ਵੱਲ ਘੂਰਦੀ ਹੈ।)*

ਤਾਰਾ : ਭਾਬੀ ਤੂੰ ਵੀ ਕੁਝ ਕਹਿ, ਬਾਈ ਨੇ ਏਨੀ ਗੱਲ ਕਹਿ ਦਿੱਤੀ।

ਮਾਂ : ਮੈਂ ਬੋਲੀ ਤਾਂ ਇਹਦੇ ਕੋਲ ਸੰਭਲਿਆ ਨਹੀਂ ਜਾਣਾ, ਫੇਰ ਅੰਦਰ ਬੋਤਲ ਲੈਣ ਚੱਲ ਪਊ।

ਬਾਪੂ : ਚੱਲ ਪਵਾਂਗਾ, ਮੈਨੂੰ ਕਿਸੇ ਦਾ ਡਰ ਪਿਐ (ਫੇਰ ਉੱਠਦਾ ਹੈ।) ਲੈ ਧੀਏ ਫੇਰ ਤਾਂ ਤੂੰ ਬਾਹਲੀ ਦੁੱਖੀ ਏ... ਪਰ ਬੰਦੇ ਨੂੰ ਹੌਂਸਲਾ ਰੱਖਣਾ ਚਾਹੀਦੈ ਦੁੱਖ ਘਰ-ਘਰ ਇਹੋ ਏ...ਮਾੜੀ ਤੀਵੀ ਘਰ ਹੋਏ ਤਾਂ ਸੁੱਖ ਕਾਹਦਾ ? ਬਸ ਦੁੱਖ ਈ ਦੁੱਖ ਏ।

ਮਾਂ : ਆਹੋ ਬੰਦੇ ਤਾਂ ਜਿਵੇਂ ਦੁੱਧ ਧੋਤੇ ਨੇ (ਉਹਨੂੰ ਦੇਖਦਿਆਂ) ਹੁਣ ਐਸ ਵੇਲੇ ਕਿਥੇ ਉੱਡ ਚੱਲਿਐ ?

ਬਾਪੂ : ਸਰਮੁਖ ਦੇ ਚਲਿਐਂ, ਭਾਈ ਸਾਡਾ ਇਕ ਮਰ ਗਿਆ ਏ, ਹੁਣ ਉਹਦੇ ਟੱਬਰ ਬਾਰੇ ਦੂਜਿਆਂ ਨੇ ਸੋਚਣਾ ਹੀ ਹੋਇਆ।

ਮਾਂ : ਆਪਣੇ ਟੱਬਰ ਦਾ ਤਾਂ ਬਣਾ ਲਿਆ, ਹੁਣ ਜੋ ਦੂਜਿਆਂ ਬਾਰੇ ਸੋਚਣਾ ਏ ਵੱਡੇ ਮੁਹਤਬਰ ਨੇ।

ਤਾਰਾ : (ਉਠਦੇ ਹੋਏ) ਲੈ ਭਾਬੀ ਮੈਂ ਵੀ ਆਉਂਦਾ ਹਾਂ। ਸੋਚਦਾ ਮੈਂ ਵੀ ਹਾਂ, ਭਾਵੇਂ ਟੱਬਰ ਮੇਰਾ ਕੋਈ ਨਹੀਂ।

*(ਤਾਰਾ ਵੀ ਜਾਂਦਾ ਹੈ।)*

ਮਾਂ : ਤੇਰਾ ਸਹੁਰਾ ਤਾਂ ਕੁੜੇ ਫੇਰ ਚੰਗਾ ਐ।

ਰਾਣੋ : ਉਹਦੀ ਚੰਗਿਆਈ ਕੋਈ ਰਹਿਣ ਵੀ ਦੇਵੇ। ਤੇ ਮਾਸੀ ਅੱਗੋਂ ਸੁਣ, ਦਿਨ ਛਿਪੇ ਮੂਤ ਪੀ ਕੇ ਉਹ ਵੀ ਆ ਵੜਿਆ ਕਿਥੋਂ ਮੇਰੇ ਲਈ ਧਰਿਆ ਪਿਆ ਸੀ।

*(ਹਰਪਾਲ ਹੱਸਦਾ ਹੈ।)*

ਰਾਣੋ : ਲੈ ਮਾਸੀ, ਇਹ ਪਾਲੀ ਹੱਸਦਾ ਏ, ਹਾਸਾ ਕਾਹਦਾ ਐ ? ਹਮੇਸ਼ਾਂ ਰੋਜ਼ ਮੂਤ ਦੀਆਂ ਦੋ ਬੋਤਲਾਂ ਪੀ ਕੇ ਆਉਂਦਾ ਏ। ਗੋਰਮਿੰਟ ਨੂੰ ਲੁੱਟ-ਲੁੱਟ ਖਾਈ ਜਾਂਦਾ ਐ, ਪੰਜ ਸੱਤ ਰਲੇ ਹੋਏ ਨੇ, ਕਣਕ ਦੀਆਂ ਬੋਰੀਆਂ ਏਧਰ-ਓਧਰ ਕਰ ਦਿੰਦੇ ਨੇ।

ਮਾਂ : ਚੱਲ ਤੁਹਾਡਾ ਘਰ ਹੀ ਬਣਦੈ।

ਰਾਣੋ : ਆ ਬਣਦਾ ਸਾਡਾ ਘਰ, ਕੁੜੀਆਂ ਦੇ ਬੋਬੇ ਨੀ ਅਜੇ ਤਾਂ ਸੂਤ ਆਉਂਦੇ, ਡੱਲੇ ਭਰ-ਭਰ ਛੋਟੇ ਮੁੰਡਿਆਂ ਕੋਲੋਂ ਭੇਜਦੀ ਐ... ਚੱਲ ਹੱਛਾ, ਬੁੜੀ ਕੰਜਰੀ ਨੇ ਉਹਨੂੰ ਆਉਂਦੇ ਨੂੰ ਸਿਖਾ ਦਿੱਤਾ, ਉਹ ਹੋ ਗਿਆ ਮੇਰੇ ਦੁਆਲੇ, ਸੱਚੀ ਐ ਗੱਲ, ਪਹਿਲਾਂ ਤਾਂ ਆਪਾਂ ਹਬਕ ਦਬਕ ਝੱਲ ਲੈਂਦੇ ਸੀ, ਗਾਲ੍ਹਾਂ ਕੱਢਣ ਲੱਗ ਪਿਆ।

ਮਾਂ : ਫੇਰ ?

ਰਾਣੋ : ਮੈਂ ਆਖਿਆ, ਤੂੰ ਪੜ੍ਹਿਆ-ਲਿਖਿਆ ਐਂ, ਕਦੇ ਤੂੰ ਗੱਲ ਸਮਝਣ ਦਾ ਯਤਨ ਕੀਤਾ ਐ ? ਬਿਠਾ ਕੇ ਨਿਹਾਰ, ਜੇ ਮੇਰੇ 'ਚ ਕਸੂਰ ਹੋਇਆ ਬੇਸ਼ਕ ਗੁੱਤ ਮੁੰਨ ਦੀ। ਮਖਿਆ ਮਾਂ ਦਾ ਚੁੱਕਿਆ ਚੁਕਾਇਟਾ ਮੇਰੇ ਮਗਰ ਪੈ ਜਾਨੈਂ, ਮੈਂ ਨ੍ਹੀਂ ਐਂ ਕੁੱਤੇ-ਕੁੱਤੇ ਕਰਵਾਉਣੀ, ਮੈਂ ਵੀ ਇਨਸਾਨ ਹਾਂ।

ਹਰਪਾਲ : ਤੂੰ ਇਉਂ ਆਖ ਦਿੱਤਾ ?

ਰਾਣੋ : ਨਾ ਆਖਦੀ ਉਹਦਾ ਮੈਨੂੰ ਡਰ ਐ... ਨਾਲੇ ਜਦੋਂ ਭਰਾ ਨਿਕੰਮੇ ਹੋਣ, ਅਗਲੇ ਸੋਚਦੇ ਐ, ਇਨ੍ਹਾਂ ਦਾ ਕੀ ਐ ? ਨਾਲੇ ਤੈਥੋਂ ਬਾਹਲਿਆ ਸਿਆਣਿਆ ਕਦੇ ਗੇੜਾ ਵੀ ਨ੍ਹੀਂ ਵੱਜਿਆ ?

ਹਰਪਾਲ : ਰਾਣੋ ਗੱਲ ਇਹ ਵੇ...

ਰਾਣੋ : ਰਹਿਣ ਦੇ ਜੋ ਗੱਲ ਏ, ਉਦੋਂ ਕਹਿੰਦਾ ਸੀ ਮਾਸੀ, "ਰਾਣੋ ਮੈਂ ਤੇਰੇ ਕੋਲ ਆਇਆ ਕਰੂੰ", ਆ ਹੋਇਆ ਇਹਤੋਂ ਲਾਟ ਸਾਹਿਬ ਤੋਂ ?

ਹਰਪਾਲ : ਤੂੰ ਤਾਂ ਹੋਰ ਪਾਸੇ ਗੱਲ ਲੈ ਜਾਨੀਂ ਐ, ਮੇਰਾ ਇਹ ਮਤਲਬ ਨਹੀਂ ਸੀ।

ਰਾਣੋ : ਮੈਨੂੰ ਪਤਾ ਤੇਰੇ ਮਤਲਬ ਦਾ, ਸਾਰਿਆਂ ਨੇ ਰੱਲ ਕੇ ਮੈਨੂੰ ਖਾਤੇ ਵਿਚ ਜਾ ਸੁੱਟਿਆ, ਮਗਰੋਂ ਕਿਸੇ ਜੈ ਵੱਢੇ ਨੂੰ ਵਿਹਲ ਨ੍ਹੀਂ ਮਿਲੀ ਸੁਰ ਪਤਾ ਲੈਣ ਦੀ... ਕਿਸੇ ਨੂੰ ਕੀ ਆਖਾਂ ਮਾਸੀ, ਮਾਂ ਮੇਰੀ, ਭੈਣ ਤੇਰੀ ਨੇ

ਪੁੱਤ ਨੂੰਹਾਂ ਨੂੰ ਜ਼ਮੀਨ ਬਣਾ ਬਣਾ ਕੇ ਦੇ ਤੀ ਤੇ ਧੀਆਂ ਬਣਾ ਧਰੀਆਂ ਖੋਰੀ...(ਨਾਲਦੇ ਵਿਹੜੇ ਵੱਲ ਮੂੰਹ ਭੁਆ ਕੇ) ਭਾਵੇਂ ਤੂੰ ਮੈਨੂੰ ਜੰਮਿਆ ਏ ਮਾਈ, ਮੇਰਾ ਸਰਾਪ ਏ ਤੈਨੂੰ ਸੁੱਖ ਨਹੀਂ ਪਾਏਂਗੀ।

ਮਾਂ : ਨੀਂ ਕਿਉਂ ਮਰੀ ਨੂੰ ਮਾਰਦੀ ਐ ? ਉਹ ਤਾਂ ਪਹਿਲਾਂ ਹੀ ਪੋਟਾ-ਪੋਟਾ ਦੁੱਖੀ ਐ।

ਰਾਣੋ : ਦੁੱਖੀ ਐ ਤਾਂ ਮਾਸੀ ਮੈਂ ਕੀ ਕਰਾਂ ? ਮੈਂ ਤਾਂ ਆਪ ਕੰਡਿਆਂ 'ਤੇ ਬੈਠੀ ਆਂ। ਲੂਲਾ, ਲੰਝਾ ਜਦੋਂ ਸਿਹਰੇ ਬੰਨ ਕੇ ਆਇਆ, ਉਹ ਧੀ ਦੇ ਪੱਖ 'ਚ ਬੋਲੀ ਕਿਉਂ ਨਾ ? ਪੁੱਤ-ਨੂੰਹ ਉਹਦੇ ਬਾਹਲੇ ਸਕੇ ਸੀ ?

ਮਾਂ : ਰਾਣੋ ਕੁੜੇ... ਨਾ ਐਨੀ ਕਲਪਣਾ ਕਰ, ਖ਼ਬਰੇ ਉਹ ਕਿਹੜੇ ਰੰਗਾਂ 'ਚ ਰਾਜ਼ੀ ਏ। ਕੋਈ ਚੰਗਾ ਦਿਨ ਆਜੂ।

ਰਾਣੋ : ਚੰਗੇ ਦਿਨ ਨ੍ਹੀਂ ਮਾਸੀ ਹੁਣ ਮੇਰੇ ਆਉਣੇ, ਮੈਂ ਤਾਂ ਆਹਨੀ ਆਂ ਐਤਕੀ ਵੀ ਮੇਰੇ ਕੁੜੀ ਹੋਵੇ, ਸੱਸ ਕਮਜਾਤ ਤੇ ਮੂਤ ਪੀਣੇ ਨੂੰ ਸੇਕ ਲੱਗੇ, ਧੀਆਂ ਦੇ ਕੀ ਦੁੱਖ ਹੁੰਦੇ, ਮਾਸੀ ਮੈਂ ਤਾਂ ਥੋਡੇ ਕੋਲ ਗੱਲ ਨ੍ਹੀਂ ਕੀਤੀ, ਕੰਜਰ ਨੇ ਮਾਰ-ਮਾਰ ਲੱਤਾਂ ਮੇਰਾ ਢਿੱਡ ਭੰਨਿਆ ਪਿਆ... ਬਥੇਰਾ ਚਿਰ ਕੁੱਟਾਂ ਖਾਧੀਆਂ ਪਰ ਹੁਣ ਮੈਂ ਕਹਿਤਾ ਮੈਂ ਮਿੱਟੀ ਦੀ ਨ੍ਹੀਂ ਬਣੀ ਹੋਈ, ਤੈਥੋਂ ਚੁੱਪ ਕਰਕੇ ਕੁੱਟ ਖਾਈ ਜਾਵਾਂ, ਉਹ ਮੈਥੋਂ ਕੋਈ ਬਾਹਲਾ ਤਕੜਾ ਨ੍ਹੀਂ।

ਹਰਪਾਲ : ਚੱਲ ਰਾਣੋ ਹੁਣ ਕੋਈ ਹੋਰ ਗੱਲ ਕਰ ਲੈ।

ਰਾਣੋ : ਕਿਉਂ ? ਤੈਨੂੰ ਹੁਣ ਗੱਲਾ ਸੁਣਨੀਆਂ ਵੀ ਭਾਰੀਆਂ ਲਗਦੀਆਂ ਨੇ, ਉਥੇ ਜਾਣਾ ਕਰਨਾ ਤਾਂ ਕੀ ਸੀ... (ਮਾਸੀ ਨੂੰ) ਦੀਹਦਾ ਮਾਸੀ ਹੁਣ ਇਹਤੋਂ ਗੱਲਾਂ ਵੀ ਨ੍ਹੀਂ ਸੁਣ ਹੋਈਆਂ।

ਹਰਪਾਲ : ਹੁਣ ਆਵਾਂਗਾ।

ਰਾਣੋ : ਹੁਣ ਤਾਂ ਆਇਆ, ਨਾ ਆਇਆ ਇਕ ਬਰਾਬਰ ਐ। ਬਿਗਾਨੇ ਤਾਂ ਉਤੋਂ ਦੀ ਆ ਪਏ। ਮਾਰ-ਮਾਰ ਕੇ ਉਨ੍ਹਾਂ ਨੇ ਮੇਰੀ ਦੇਹ ਵਿਗਾੜ ਤੀ, ਹੁਣ ਤੂੰ ਉਥੇ ਕੀ ਕਰਨੈ ? ਮੈਂ ਆਪੇ ਆਪਣੀਆਂ ਬੁਣੀਆਂ ਕੱਟੂੰ ? ਹੁਣ ਤਾਂ ਕਿਤੇ ਤੈਥੋਂ ਵੱਡੇ ਸਾਹਿਬ ਤੋਂ ਉਹ ਡਰ ਨਾ ਜਾਣ। (ਮਾਸੀ ਵੱਲ) ਮਾਸੀ ਮੈਨੂੰ ਤਾਂ ਇਉਂ ਅਚਰਜ ਆਉਂਦੈ, ਉਦੋਂ ਵਿਆਹ ਵੇਲੇ ਕਿੱਦਾਂ ਮਿੱਠੀਆਂ ਮਾਰੇ, ਰਾਣੋ ਭੈਣੇ ਮੈਂ ਤੇਰੇ ਕੋਲ ਆਇਆ ਕਰੂੰ। ਮਗਰੋਂ ਕਿਸੇ ਜੈ ਵੱਡੇ ਔਂਤਰੇ ਨੇ ਤੀਲੀ ਨ੍ਹੀਂ ਬਾਲੀ, ਫੂਕਤਾ ਮੈਨੂੰ ਉਥੇ ਡੁੱਡਿਆਂ, ਲੰਗੜਿਆਂ ਨਾਲ ਨਰੜ ਕਰ ਤਾ, ਮੈਂ ਤਾਂ ਆਹਨੀ ਆਂ ਜਿਹਨੇ ਮੇਰੇ ਨਾਲ ਕੀਤੀਆਂ ਉਹ ਵੀ ਇਥੇ ਹੀ ਲੇਖੇ ਦੇਵੇ।

ਹਰਪਾਲ : ਲੱਖ ਕੱਢ ਲੈ ਕੁਪੱਤੀਏ ਗਾਲ੍ਹਾਂ, ਪਾਲੀ ਦਾ ਕਿਹੜਾ ਪੁੱਤ ਮਰਜੂ।

ਰਾਣੋ : (ਇਕ ਵਿਸ਼ੇਸ਼ ਰੌ ਵਿਚ) ਮੈਂ ਤਾਂ ਐਵੇਂ ਹੱਸਦੀ ਆਂ ਪਾਲ, ਐਵੇਂ ਨਾ ਗੁੱਸਾ ਕਰ ਲੀਂ... ਮੇਰਾ ਐਨਾ ਵੀ ਹੱਕ ਨ੍ਹੀਂ...

ਹਰਪਾਲ : ਤੈਨੂੰ ਸਾਰੇ ਹੱਕ ਐ...

*(ਇਕ ਦੂਜੇ ਵੱਲ ਵੇਖਦੇ ਹਨ ਤੇ ਫੇਰ ਸਟਿੱਲ ਪੱਲ ਦਾ ਪੱਲ... ਰਾਣੋ ਬਾਹਰ ਜਾਂਦੀ ਹੈ, ਮਾਂ ਵੀ ਅੱਖਾਂ ਪੂੰਝਦੀ ਪੂੰਝਦੀ ਬਾਹਰ ਜਾਂਦੀ ਹੈ। ਹਰਪਾਲ ਮੰਚ 'ਤੇ ਅੱਗੇ ਆਉਂਦਾ ਹੈ।*

ਹਰਪਾਲ : ਤੇ ਇਹ ਹੈ ਮੇਰੀ ਛੋਟੀ ਜਿਹੀ ਦੁਨੀਆਂ ਦੀ ਕਹਾਣੀ। ਇਹ ਜਿਹੜੇ ਮੈਨੂੰ ਫੜਨ ਆਏ ਨੇ, ਮੈਨੂੰ ਇਕ ਖਤਰਨਾਕ ਵਿਅਕਤੀ ਸਮਝ ਕੇ ਜੇਲ੍ਹ ਵਿਚ ਡੱਕ ਦੇਣਗੇ। ਕੀ ਇਹ ਸਮਝਦੇ ਨੇ ਕਿ ਇਹ ਜੋ ਵਰਤਾਰਾ ਚੱਲ ਰਿਹਾ ਹੈ, ਉਹ ਕਿਸੇ ਕਾਨੂੰਨ ਤੇ ਸ਼ਾਂਤੀ ਦਾ ਮਸਲਾ ਏ ? ਜੋ ਕਿਸੇ ਗਵਾਂਢੀ ਦੇਸ਼ ਦੀ ਕਿਸੇ ਸਾਜਿਸ਼ ਦੀ ਰਚੇਣ ਏ ? ਨਹੀਂ, ਜਿਸ ਵਰਤਾਰੇ ਵਿਚ ਜ਼ਿੰਦਗੀ ਕਦੀ ਕੁਝ ਵੀ ਹਾਂ ਪੱਖੀ ਨਾ ਹੋਵੇ, ਉਹ ਬਹੁਤ ਕੁਝ ਵਿਸਫੋਟਕ ਆਪਣੇ ਵਿਚ ਲੁਕੋਈ ਬੈਠਾ ਏ। ਇਸ ਵਿਸਫੋਟ ਨੂੰ ਕਿਸ ਤਰ੍ਹਾਂ ਕੋਈ ਦਿਸ਼ਾ ਦਿੱਤੀ ਜਾਏ ਕਿ ਇਹ ਮਾਰੂ ਹਕੀਕਤ ਨਾ ਹੋ ਨਿਬੜੇ, ਇਹ ਸਵਾਲ ਮੇਰੇ ਲਈ ਵੀ ਹੈ, ਤੁਹਾਡੇ ਲਈ ਵੀ ਹੈ, ਜੋ ਸਰਕਾਰਾਂ ਹਨ ਉਨ੍ਹਾਂ ਲਈ ਵੀ ਹੈ ਤੇ ਜੋ ਸਰਕਾਰ ਦਾ ਵਿਰੋਧ ਕਰ ਰਹੇ ਹਨ ਉਨ੍ਹਾਂ ਲਈ ਵੀ ਹੈ।